ਤੈਸੇ ਹਿ ਪਜਾਵੋ ਤੁਹਿ ਮਾਂਹੀ। ਬਾਹਰ ਕਿਸੇ ਪੁਕਾਰ ਸੁਨਾਹੀ
ਕਹਾ ਗੁਰੂ ਜਬ ਤਾਂ ਪ੍ਰਤਿਐਸਾ। ਬੋਲਜੋ ਤਬੀ ਲਖਾਤਿਨ ਜੈਸਾ

## ਸ਼ੇਖ ਸਲੋਕ ॥

ਇਕ ਸਾਹਿਬ ਤੇ ਦੋ ਹੱਦੀ ॥ ਕੇਹੜਾ
ਸੇਵੀ ਕੇਹੜਾ ਰੱਦੀ ॥

## ਚੌਪਈ:-

ਯਾ ਮੈ ਤਾਕੋ ਯਹ ਹੈ ਭਾਵਾ। ਏਕ ਖੁਦਾਇ ਨ ਦੂਸਰ ਗਾਵਾ
ਹਿਦ ਮੁਸਲਮਾਂ ਤਿਾਕੇ ਕੀਏ। ਆਪਸਮਾਂਹਿ ਭਿੰਨ ਯਹ ਥੀਏ
ਨਿਜ ਨਿਜਹੱਦਬਾਂਧਇਨਲੀਨੀ। ਤਿਸਹੀਮਹਿਨਜਾਤਨਿਜਚੀਨੀ
ਹਿੰਦੂ ਕਹਤ ਮੁਸਲਮਾਂ ਜੋਈ। ਨਹੀਂ ਖ਼ੁਦਾ ਕੋ ਪਾਵਤ ਸੋਈ
ਮਹਾਂ ਮਲੀਨ ਮਜਬਇਨ ਕੇਰਾ। ਭੂਲ ਨ ਅਨਕੇ ਜਈਏਨੇਰਾ
ਬਹੁਰ ਮੁਸਲਮਾਂ ਕਹਤ ਪੁਕਾਰੀ ਸਭ ਹਿੰਦੂ ਕਾਫਰ ਹੈਂ ਭਾਰੀ
ਰਾਂਮ ਅਰਾਧ ਪੁਰਾਂਨ ਨ ਮਾਨੈ। ਏਕ ਖੁਦਾ ਕੋ ਨਹਿ ਪਹਿਚਾਨੈ
ਹਮਰੋ ਦੀਨ ਨਬੀ ਹੈ ਸਾਚੋ। ਇਨਕੇ ਮਤ ਸਗਰੋ ਹੈ ਕਾਚੋ
ਤਾਂਤੇ ਕਹੋ ਸਿਧਾਂਤ ਸੁ ਜੀਕੋ। ਇਨਮੈ ਕੋ ਸਿਧਾਂਤ ਹੈ ਨੀਕੋ

Digitized by Panjab Digital Library | www.panjabdigilib.org

## ਗੁਰੂ ਸਲੋਕ ॥

ਹਿਕੋ ਸਾਹਿਬ ਹਿਕੋ ਹਦ ॥ ਹਿਕੋ ਸੇਵੋ ਦੂਜਾ ਰਦ ॥ ਦੂਜਾ ਕਾਹੇ ਸੇਵੀਐ ਜੋ ਜੰਮਹਿ ਤੇ ਮਰ ਜਾਇ ॥ ਏਕੋ ਸਿਮਰੋ ਨਾਨਕਾ ਜੋ ਜਲ ਥਲ ਰਿਹਾ ਸਮਾਇ ॥

## ਚੌਪਈ—

ਐਸੋ ਉਤਮ ਅਤ ਸੁਖਦਾਈ। ਕਹਾ ਬਚਨ ਗੁਰਤਹਿਸਮਝਾਈ
ਏਕੋ ਸਭ ਸੁਆਮੀ ਹੈ ਸਾਚੋ। ਏਕੋ ਹੱਦ ਦੂਸਰੋ ਕਾਚੋ
ਸਭ ਮਾਨਸ ਕੀ ਇਕਹੈ ਜਾਤੀ। ਨਾਕਕਾਨਆਦਕ ਸਭ ਗਾਤੀ
ਤਾਂਤੇ ਏਕ ਹੱਦਇਨਹਈਏ। ਦੂਸਰ ਕੋਇਨਜਗਮਹਿ ਪਈਏ
ਹਿੰਦ ਮੁਸਲਮਾਂ ਦੀਨ ਬਨਾਏ। ਇਸਭ ਕਲਪਤ ਮਤ ਠਹਰਾਏ
ਰਾਮ ਰਸੂਲ ਮਾਨ ਜ ਬੰਧੇ। ਏਕ ਖੁਦਾ ਤੇ ਹੈਂ ਵਹੁ ਅੰਧੇ
ਤਾਂਤੇ ਦੋਨੋਂ ਹੱਦ ਮਿਟਾਵੋ। ਏਕ ਹੱਦ ਸਾਚੀ ਮਹਿ ਆਵੋ
ਪੁਨ ਇਕ ਸਾਹਿਬ ਸਾਚੋ ਸਾਂਈ। ਔਰ ਨ ਮਾਨੋ ਜੋ ਦੁਖਦਾਈ
ਜੋ ਜਨਮੇ ਜਗ ਮਹਿ ਮਰ ਗਏ। ਤਾਕੋ ਸਿਮਰ ਕੌਨ ਸੁਖ ਲ਼ਏ
ਤਾਂਤੇ ਸਕਲ ਬਿਆਪਕ ਜੋਈ। ਪੂਜ ਕਰੋ ਤਾਕੋ ਸਭ ਕੋਈ
ਜਬ ਉਤਮ ਉਪਦੇਸ ਸੁਨਾਯਾ। ਸ਼ੇਖ ਮਤੋ ਨਹਿ ਠੀਕ ਬਤਾਯਾ
ਤਬ ਵੈਰਾਗ ਦਿਸਾ ਕੋ ਏਕਾ। ਕਹਾ ਸਲੋਕ ਧਾਰ ਮਨ ਟਕਾ

Digitized by Panjab Digital Library | www.panjabdigilib.org

## ਸ਼ੇਖ਼ ਸਲੋਕ ॥

ਪਾੜ ਪਟੋਲਾ ਧਜ ਕਰੀ ਕੰਮਲੜੀ ਪਹਿਰੇਇ। ਜਿਨੀ ਵੇਸੀ ਸਹ ਪਾਈਐ ਸੋਈ ਵੇਸ ਕਰੇਇ ॥

## ਚੌਪਈ:–

ਯਹ ਵੈਰਾਗ ਦਿਸਾ ਕੀ ਬਾਨੀ। ਕਹੀ ਸੇਖ ਤਬ ਉੱਤਮ ਜਾਨੀ
ਤਨ ਬਸਤਰ ਸਭ ਫਾੜ ਗਿਰਾਵੇ। ਏਕ ਗੋਦੜੀ ਚਾਇ ਹਢਾਵੇ
ਕੈ ਕੰਮਲ ਕੋ ਪਹਰੋ ਦੇਹੀ। ਜਾਤੇ ਮਿਲਹੈ ਪ੍ਰਾਨ ਸਨੇਹੀ
ਕਰੀਏ ਵੇਸ ਸੁ ਤਾਂਹਿ ਸੁਹਾਵਾ। ਜੋ ਖੁਦਾਇ ਕੇ ਮਨ ਕੋ ਭਾਵਾ
ਸੁਨਕਰ ਗੁਰ ਯਹਮਤੋ ਨਿਵਾਰੋ। ਬੀਚਸਲੋਕਸੁ ਊਚ ਪੁਕਾਰੋ

## ਗੁਰੂ ਸਲੋਕ ॥

ਕਾਇ ਪਟੋਲਾ ਧਜ ਕਰੀ ਕੰਮਲੜੀ ਪਹਰੇ ਕਾਇ। ਘਰ ਬੈਠੇ ਸਹੁ ਪਾਈਐ ਜੇ ਮਨ ਰਾਖੇ ਬਾਇ। ਘਰ ਹੀ ਮੁੰਧ ਬਿਦੇਸ ਪਿਰ ਨਿਤ ਝੂਰੇ ਸੰਮਾਲੇਇ। ਮਿਲਦਿਆਂ ਢਿਲ ਨ ਲਗਈ ਜੇ ਨੀਅਤ ਰਾਸ ਕਰੇਇ ॥

Digitized by Panjab Digital Library | www.panjabdigilib.org

## ਚੌਪਈ:—

ਕਤ ਕਾਰਨ ਪਟ ਫਾਰਤ ਭਾਈ। ਕੰਮਲੜੀ ਕਹ ਹੇਤ ਉਢਾਈ
ਜੇ ਮਨ ਚੰਚਲ ਥਿਰਕਰ ਰਾਖੈ। ਤਾਂਹਿ ਕੁਵਾਸਨਕੋ ਭਲ ਨਾਖੈ
ਤੌ ਘਰ ਬੈਠੇ ਤਿਸ ਕੋ ਪਾਵੈ। ਜਾਕ ਬਾਹਰ ਢੂਡਨ ਜਾਵੈ
ਤੁਮਰੋ ਮੀਤ ਤੋਹਿ ਘਰ ਮਾਂਹੀ। ਜਹਿ ਬਿਦੇਸ ਝੂਰੇ ਢੂੰਡਾਹੀ
ਕਰ ਵਿਸ੍ਵਾਸ ਏਕ ਮਨ ਹੋਵੈ। ਮਿਲੈ ਤਾਹਿਕੋ ਜਹਿਕੋ ਜੋਵੈ
ਘਟ ਘਟ ਅੰਤਰ ਰਵਿਆ ਸੋਈ। ਬਾਹਰ ਭੀਤਰ ਏਕੋ ਹੋਈ
ਤਾਂਤੇ ਤਾਕੋ ਚਿੰਤਨ ਕੀਜੈ। ਦੂਸਰ ਯਤਨ ਸਭੈ ਤਜ ਦੀਜੈ

## ਸ਼ੇਖ਼ ਸਲੋਕ ॥

**ਕਵਣ ਸੁ ਅਖਰ ਕਵਣ ਗੁਣ ਕਵਣ ਸੁ ਣੀਆ ਮੰਤ। ਕਵਣ ਸੁ ਵਸੋ ਹਉ ਕਰੀ ਜੋ ਵਸ ਆਵੇ ਕੰਤ ॥**

## ਚੌਪਈ:—

ਅੱਖਰ ਅਰਥਸਬਦਪਹਚਾਨੋ। ਕਵਣ ਸੁ ਅਹੇ ਪ੍ਰਭੁ ਮਨ ਮਾ
ਜਾਕੋ ਤਾਤਪਰਜਯਹ ਹਈਏ। ਕਵਨਬੋਲਬੋਲਨ ਹਮ ਚਹੀਏ
ਪੁਨ ਕ ਗੁਣ ਧਾਰਨ ਕਰਵਾਏ। ਜਿਨਕੋ ਦੇਖਤ ਪ੍ਰਭ ਰੀਝਾਏ
ਕਵਣ ਮਣੀ ਸਮ ਮੰਤ ਸਿੰਗਾਰਾ। ਪਹਰੋ ਜਾਤੇ ਮਿਲੇ ਭਤਾਰਾ
ਕਵਣ ਵੇਸ ਵਹੁ ਸਖੇ ਬਤਾਵੇ। ਜਾਕਰ ਪ੍ਰਾਨ ਪਤੀ ਸੁ ਰਿਝਾ

## ਗੁਰੂ ਸਲੋਕ ॥

**ਨਿਵਣ ਸੁ ਅਖਰ ਖਿਵਣ ਗੁਣ ਜਿਹਵਾ**

Digitized by Panjab Digital Library | www.panjabdigilib.org

ਮਣੀਆ ਮੰਤ। ਇਹ ਤ੍ਰੈ ਭੈਣੇ ਵੇਸ ਕਰਹਿ ਤਾਂ ਵਸਿ ਆਵੈ ਕੰਤ। ਸੇਵਾ ਕਰੈ ਜੁ ਕੰਤ ਕੀ ਕੰਤ ਤਿਸੀ ਕਾ ਹੋਇ। ਸਭੇ ਸਈਆਂ ਛੋਡ ਕਰ ਕੰਤ ਤਿਸੀ ਪਹਿ ਹੋਇ॥

## ਚੌਪਈ:—

ਇਸ ਸਲੋਕਮਹਿ ਵਹੁਪਰਕਾਰਾ। ਜੋ ਪ੍ਰਭੁਪਾਵਨ ਸਾਧਨ ਭਾਰਾ
ਕਥਨ ਕਰਾ ਗੁਰ ਜੂ ਸੁਖ ਹੇਤੂ। ਅਗਜਾਨ ਸਿੰਧ ਕੇਨੀਕੋ ਸੇਤੂ
ਨਿਮ੍ਰਤ ਭਾਵ ਸਹਿਤ ਚ ਜੋਈ। ਯਾ ਸਮ ਨ ਖਰਔਰਨਕੋਈ
ਬੋਲ ਕਬੋਲ ਸੁਨੇ ਜੇ ਕੋਈ। ਖਿਮਾਂ ਕਰੇ ਨਹਿ ਕੋਪੇ ਸੋਈ
ਯਹਿ ਗੁਣਸਾਰਜਵਨ ਮੈਹਈਏ। ਤਾ ਸਮ ਸੁੰਦਰਔਰਨ ਪਈਏ
ਮਣੀ ਸਮਾਣ ਅਮੋਲ ਵਿਚਾਰ। ਸਦਾ ਕਰੇ ਚਿੰਤਨ ਸੁਖਕਾਰਾ
ਜਿਹਵਾ ਕੋ ਨਿਜ ਵਸਕਰਰਾਖੇ। ਨਿੰਦਅਜੋਗਣ ਬਚਨਨਹਿ ਭਾਖੇ
ਯਹਿ ਤੀਨੋਂ ਜਬ ਵੇਸਕਰੈ ਹੈਂ। ਅਕਾਲਪੁਰਖਤਾਂਪਰਵਰਪੈ ਹੈਂ
ਜੋ ਇਕਮਨਹੁਇਤਾਹਿ ਧਿਆਵੈ। ਸੋ ਅਕਾਲ ਤਾਂਕੋ ਬਨ ਜਾਵੈ
ਬਾਹਿਰ ਮੁਖ ਜਨ ਤੇ ਹੈ ਦੂਰਾ। ਭਗਤ ਜਨੋਂ ਕੇ ਸਦਾ ਹਜੂਰਾ
ਜਣਯਾ ਬਿਧ ਉਪਦੇਸ ਸੁਨਾਯਾ ਤਈ ਸ਼ੇਖ ਮੱਲਾ ਕੋ ਪਾਯਾ
ਯਾ ਬਿਧ ਬਚਨ ਬਿਲਾਸ ਸੁਨਾਏਆਨ ਓਰਕੋ ਤਈ ਸਿਧਾਏ

Digitized by Panjab Digital Library | www.panjabdigilib.org

# ਮੀਆਂ ਮਿੱਠਾ ਪ੍ਰਬੋਧ

ਦੋਹਿਰਾ—

ਮਿੱਠਨ ਖਾਂਦੇ ਕੋਟ ਮੈ ਪਹੁਚੇ ਕੁਛ ਦਿਨਪਾਇ॥
ਤਾਕੇ ਬਾਗ ਨਿਹਾਰਕੇ ਡੇਰਾ ਦੀਓ ਲਗਾਇ॥

ਚੌਪਈ:—

ਮਿੱਠੇ ਖ਼ਾਂ ਮੁਰਸ਼ਦਜੋ ਅਹਾ। ਅਬਦੁਲ ਰੁਮਾਨ ਨਾਮ ਤਿਸਕਹਾ
ਸੋ ਤਿਸ ਬਾਗ ਮਾਂਹਿ ਤਬ ਆਯੋ। ਦੇਖਗੁਰੂ ਕੋ ਅਤ ਹਰਖਾਯੋ
ਆਪਸ ਮੈ ਕਰ ਬਚਨ ਬਿਲਾਸਾ। ਦੋਨੋਂ ਓਰ ਅਨੰਦ ਪ੍ਰਕਾਸਾ
ਮਿਲਕਰ ਵਹੁਦਰਵੇਸ਼ਸਿਧਾਯਾ। ਨਿਜਮਕਾਨਮੈਜਬਕੇ ਆਯਾ
ਮਿੱਠਨ ਖ਼ਾਂ ਜਬ ਆਵਤਪਾਯਾ। ਸੀਸ ਚਰਨਪਰਆਇਰਖਾਯਾ
ਮਿੱਠੇ ਕੋ ਮੁਰਸ਼ਦ ਬਤਲਾਯਾ। ਇਕ ਦਰਵੇਸ਼ਬਾਗਤੁਹਿਆਯਾ
ਜਾਕਰ ਜ਼ਯਾਰਤ ਕਰ ਤਿਸ ਕੇਰੀ। ਦੂਰ ਹੋਇਦੁਰਮਤਸਭਤੇਰੀ
ਮਿੱਠੇ ਕਹਾ ਪੀਰ ਵਹੁ ਕੋ ਹੈ। ਮੁਸਲਮਾਨ ਕੈ ਹਿੰਦੂ ਸੋ ਹੈ
ਤੌ ਮੁਰਸ਼ਦ ਅਸ ਬੈਨ ਉਚਾਰਾ। ਹਿੰਦੂ ਤੁਰਕਤੇ ਦੀਸਤ ਨਜਾਰਾ
ਪਰ ਬਾਹਰਤੇਕੁਛਕ ਲਿਬਾਸਾ। ਹਿੰਦਨ ਕੇ ਸਮ ਧਮ ਕੋ ਭਾਸਾ
ਸੁਨਤ ਕਹਾ ਮਿੱਠੇ ਤਬ ਐਸਾ। ਹਿੰਦੂ ਲਖੇ ਖ਼ੁਦਾ ਕੋ ਕੈਸਾ
ਜਬ ਰਸੂਲ ਪਰਨਹਿਵਿਸਵਾਸਾ। ਤਬ ਕਾਫ਼ਰਹਮਰੇ ਮਤਖਾਸਾ
ਮੁਰਸ਼ਦ ਕਹਾ ਨ ਐਸੇ ਭਾਖੋ। ਰੋਕ ਜਬਾਨ ਬਦਨ ਸੇ ਰਾਖੋ

Digitized by Panjab Digital Library | www.panjabdigilib.org

ਅੱਵਲ ਜਾਕਰ ਜ਼ਯਾਰਤ ਪਾਵੇ। ਪਾਛੇ ਗੁਨ ਔਗਨ ਬਤਲਾਵੈਂ
ਯਹ ਕਹਿਕਰ ਮੁਰਸ਼ਦ ਭੀਸੰਗਾ। ਫਿਰੇ ਗੁਰੂ ਕੀ ਓਰ ਉਮੰਗਾ
ਆਇ ਸਲਾਮ ਦੁਹੂੰ ਨੇ ਕੀਨਾ। ਸਤ ਕਰਤਾਰ ਗੁਰੂ ਕਹਿ ਦੀਨਾ
ਮਰਦਾਨਾਤਬ ਸਬਦਅਲਾਵੈ। ਸ਼ਵਨ ਘਨ ਸਮਅਤ ਗਰਜਾਵੈ

ਦੋਹਿਰਾ:—

ਜਬ ਦੋਨੋਂ ਸੁਨਨੇਲਗੇਸਬਦਭਲੇ ਮਨ ਲਾਇ।
ਤਾਹਿਸਮੇਯਹਿਸਬਦਮੁਖਮਰਦਾਨਾਰਹਯੋਗਾਇ।

ਸਬਦ ॥

ਪੰਖੀ ਹੋਕੇ ਜੇ ਭਵਾਂਸੈ ਅਸਮਾਨੀ ਜਾਉ।
ਨਦਰੀ ਕਿਸੇ ਨ ਆਵਸਾਂ ਨਾ ਕਛ ਪੀਆ
ਨ ਖਾਉ। ਭੀ ਤੇਰੀ ਕੀਮਤਿ ਨਾ ਪਵੈ
ਹਉ ਕੇਵਡ ਆਖਾਂ ਨਾਉ ॥

ਚੌਪਈ—

ਸੁਨਯਹ ਸਬਦਮਿੱਠਨਖ਼ਾਂਤਬਹੀ। ਹੋਵਿਸਮਾਦਗਏਵਹੁਸਭਹੀ
ਅਹੋ ਅਚੰਭਾ ਹੈ ਅਤ ਭਾਰੀ। ਹਮਤੇ ਇਸਕੀ ਰੀਤ ਨਿਆਰੀ
ਚੌਦਾਂ ਤਬਕ ਸਭੀ ਹਮ ਮਾਨੇ। ਸੈ ਅਸਮਾਨ ਸੁ ਯਹਿ ਵਖਾਨੇ
ਇਸੀ ਸੋਚ ਮੈ ਥੇ ਵਹੁ ਜਬਹੀ। ਭੋਗ ਸਬਦਕਾ ਪਰਿਓ ਤਬਹੀ
ਤਬ ਗੁਰ ਤਜਾਗ ਸਮਾਧੀਦੇਖਾ। ਮਿੱਠੇਖ਼ਾਂ ਮੁਰਸ਼ਦ ਸਹਿਪੇਖਾ
ਕਹਾ ਗੁਰੂ ਖੁਸ਼ ਹੋਤੁਮਭਾਈ। ਕਹੋ ਬਾਤ ਜੋ ਮਨ ਮੈ ਆਈ
ਜਬ ਸਤਗੁਰ ਯਹ ਆਇਸਦੀਨੀ। ਤਬਮਿੱਠੇਖ਼ਾਂਬਿਨਤੀਕੀਨੀ

Digitized by Panjab Digital Library | www.panjabdigilib.org

## ਸਿੱਠੇ ਖ਼ਾਂ ਗੁਰੂ ਪ੍ਰਤਿ

ਅੱਵਲ ਨਾਮ ਖ਼ੁਦਾਇ ਦਾ ਦੂਜਾ ਨਬੀ ਰਸੂਲ। ਨਾਨਕ ਕਲਮਾਂ ਜੇ ਪੜ੍ਹੇਂ ਤਾਂ ਦਰਗਹਿ ਪਾਇ ਕਬੂਲ ॥

ਚੌਪਈ:-

ਇਸ ਮੈ ਤਾਤ ਪਰਜ ਤਿਸ ਕੇਰਾ। ਵਾਹਿਦ ਏਕ ਖ਼ੁਦਾ ਕੋ ਟੇਰਾ
ਜੋ ਤਾਂ ਕੋ ਪੈਗਾਮ ਲਿਆਯੋ। ਸੋਈ ਰਸੂਲ ਜਗਤ ਮੈ ਗਾਯੋ
ਤਾ ਰਸੂਲ ਕਾ ਕਲਮਾਂ ਜੋਈ। ਪੜ੍ਹੇ ਮੁਸਲਮਾਂ ਹੋਵੇ ਸੋਈ
ਤੌ ਦਰਗਹਿਮਹਿਹੋਇ ਪਰਵਾਨਾ। ਯਾਬਿਨਭਿਸਤਨਕਾਹੂਜਾਨਾ
ਜਬ ਯਹਿਸੁਨੀ ਬਾਤ ਤਿਸ ਕੇਰੀ। ਪੱਖ ਪਾਤ ਕੇ ਸਾਥ ਲਬੇਰਾ
ਤਬ ਗੁਰ ਜੂ ਯਹਿ ਕੀਨਉਚਾਰਾ। ਤਾਕੋਮਤਸਭ ਦੂਰ ਨਿਵਾਰੀ

## ਗੁਰੂ ਸਿੱਠੇ ਪ੍ਰਤਿ

ਜਿਤ ਦਰ ਲਖ ਮਹੰਮਦਾ ਲਖ ਬ੍ਰਹਮੇ ਵਿਸਨ ਮਹੇਸ। ਲਖ ਲਖ ਰਾਮ ਵਡੀ-

Digitized by Panjab Digital Library | www.panjabdigilib.org

ਰੀਏ ਲਖ ਰਾਹੀ ਲਖ ਵੇਸ। ਮੁਸਲਮਾਨ ਮੁਸਾਵੇ ਆਪ। ਸਿਦਕ ਸਬੂਰੀ ਕਲਮਾ ਪਾਕ ॥

ਚੌਪਈ—

ਕਹਾ ਗੁਰੂ ਸੁਨ ਮਿੱਠਨਖ਼ਾਨਾ। ਤੈਂ ਅੱਲਾਇਕ ਮਰਦ ਪਛਾਨਾ
ਜਿਸਕਾ ਏਕ ਯਾਰ ਜਗਮਾਂਹੀ। ਭੇਜ ਦੀਆ ਸਮਝਾਵਨ ਤਾਂਹੀ
ਪਰ ਯਹਿਸਮਝਬਾਤਮਨ ਪਯਾਰੇ। ਲਾਖਮਹੰਮਦਤਹਿਦਰਬਾਰੇ
ਏਕ ਮਹੰਮਦ ਕੌਨ ਕਹਾਵੇ। ਜਹਾਂ ਕਛੂ ਨਹਿ ਗਨਤੀ ਆਵੇ
ਯਾਕੋ ਭਾਵ ਅਹੇ ਯਹਿ ਨੀਕਾ। ਮੇਟ ਦੀਆ ਸੰਸਾ ਤਹਿ ਜੀਕਾ
ਮਹੰਮਦ ਜੈਸੇ ਨਬੀ ਕਰੋੜ। ਜਿਸ ਅਗੇ ਹੈਂ ਤਿਸੇ ਨ ਲੋੜ
ਲਾਖੋਂ ਬ੍ਰਹਮੇ ਵਿਸਨ ਮਹੇਸ਼ਾ। ਠਾਢੇ ਹੈਂ ਦਰਬਾਰ ਹਮੇਸ਼ਾ
ਜਾਕੋ ਕੋਇ ਨ ਪੂਛਤ ਕੋ ਹੈਂ। ਅਨਕ ਜੀਵ ਗਨਤੀ ਮਹਿ ਸੋਹੈ
ਪੁਨ ਕਲਮਾਂ ਨਹ ਅਹੇ ਰਸੂਲਾ। ਤਹਿ ਪੜ੍ਹੇ ਨਹਿ ਮੋਮਨ ਮੂਲਾ
ਤਾਂਤੇ ਮੁਸਲਮਾਨ ਹੈ ਸੋਈ। ਸਾਚੋ ਕਲਮਾਂ ਪੜ੍ਹ ਹੈ ਜੋਈ
ਸੋ ਸੁਨੀਏ ਮਨ ਲਾਇ ਪਿਆਰੇ। ਜਾਤੇ ਮਿਟ ਹੈ ਭਰਮ ਤੁਮਾਰੇ
ਅਪਨੀ ਖ਼ੁਦੀ ਗੁਵਾਵੇ ਜੋਈ। ਮੁਸਲਮਾਨ ਪਛਾਨੋ ਸੋਈ
ਸਿਦਕ ਸਬੂਰੀ ਜੋਇ ਸਿਖਾਵੈ। ਸੋਈ ਕਲਮਾਂ ਪਾਕ ਕਹਾਵੈ
ਯਾ ਬਿਨ ਔਰ ਮਜਬ ਕੀ ਹੱਦੀ। ਖ਼ੁਦਾਇ ਮਹਬੂਬਨਨੇ ਜੋ ਰੱਦੀ
ਸੁਨ ਮਿੱਠਨ ਖਾਂ ਮਨ ਹਰਖਾਯੋ। ਬਹੁਰ ਗੁਰੂ ਪ੍ਰਤਿਐਸ ਅਲਾਯੋ
ਤੁਮ ਹੋ ਪਾਕ ਖ਼ੁਦਾ ਕੇ ਪਯਾਰੇ। ਹਮਰੋ ਮਤ ਹੈ ਸਾਚ ਤੁਮਾਰੇ
ਪਰ ਇਤਨਾ ਜੋ ਭੇਦ ਹਮਾਰਾ। ਹੇ ਦਰਵੇਸ਼ ਦੇਖੀਏ ਭਾਰਾ

Digitized by Panjab Digital Library | www.panjabdigilib.org

ਸੋ ਜਬ ਦੂਰ ਤੁਮੈ ਕਰ ਦੈਹੋ । ਤੌ ਕਬੂਲ ਦਰਗਹਿ ਮੈ ਪੈ ਹੋ
ਤਬ ਤਿਣ ਕਹਾ ਕਹੋ ਵਹੁ ਕੋ ਹੈ । ਸਾਚੀ ਸ਼ਰਾ ਹਮਾਰੀ ਜੋ ਹੈ
ਪੜ੍ਹੋ ਨਿਵਾਜ ਬਛਾਇ ਮੁਸੱਲਾ । ਜਾਇ ਮਸੀਤ ਮਨਾਵਹੁ ਅੱਲਾ
ਸੰਗ ਮੁਲਾਣੇ ਕਲਮਾਂ ਪੜ੍ਹ ਹੋ। ਸ਼ਰਾ ਸ਼ਰੀਅਤ ਅੰਦਰ ਵੜ ਹੋ
ਚਾਰੋਂ ਮੰਜ਼ਲ ਕੋ ਦਰਸਾਵੇ । ਕੁਰਾਨ ਕਤੇਬਾ ਪੜ੍ਹੇ ਸੁਖ ਪਾਵੇ
ਇੱਤਾਦਿਕ ਸਭ ਖੋਲ ਸੁਨਾਈ । ਹੁਤੀ ਸ਼ਰਾ ਕੀ ਜੋਇ ਸਹਾਈ
ਜਾਂਕੋ ਸੁਨ ਗੁਰ ਜੂ ਹਸ ਭਾਖੀ । ਯਹ ਜੋ ਬਾਤ ਤੋਹ ਨੇ ਆਖੀ
ਸੋ ਸਭ ਕਲਪਤ ਸਾਚ ਨ ਕੋਈ । ਕਾਚੀ ਸ਼ਰਾ ਕਹਾਵੈ ਸੋਈ
ਪੁਨ ਸਾਚੀ ਬਾਤੇਂ ਜੋ ਹਈਏ । ਸੋ ਹਮਤੇ ਮਹਿ ਸਗਰੀ ਪਈਏ
ਤੁਮ ਭੀ ਤਿਨਕੋ ਧਾਰੋ ਜਬ ਹੀ । ਮੁਸਲਮਾਨ ਕਹਾਵੋ ਤਬ ਹੀ
ਅਸ ਸੁਨ ਸ਼ਬਦ ਉਚਾਰਨ ਕੀਨਾ ਸਾਚੋ ਭੇਦ ਖੋਲ ਸਭ ਦੀਨਾ

ਅਲਹੁ ਅਗਮ ਖੁਦਾਈ ਬੰਦੇ । ਛੋਡ
ਖਿਆਲ ਦੁਨੀਆ ਕੇ ਧੰਦੇ । ਹੋਇ ਪੈ ਖਾਕ
ਫਕੀਰ ਮੁਸਾਫਰ । ਇਹ ਦਰਵੇਸ਼ ਕਬੂਲ
ਦਰਾ ॥ ੧ ॥ਸਚ ਨਿਵਾਜ ਯਕੀਨਮੁਸਲਾ॥
ਮਨਸਾ ਮਾਰ ਨਿਵਾਰਹੁ ਆਸਾ । ਦੇਹੀ
ਮਸੀਤਮਨਮਉਲਾਣਾਕਲਮਖੁਦਾਈ ਪਾਕੁ
ਖਰਾ ॥ ੨ ॥ ਸਰਾ ਸਰੀਅਤਿ ਲੇ ਕਮਾਵਹੁ
ਤਰੀਕਤਿ ਤਰਕ ਖੋਜਿ ਟੋਲਾਵਹੁ ॥
ਮਾਰਫਤਿ ਮਨ ਮਾਰਉ ਅਬਦਾਲਾ ॥

Digitized by Panjab Digital Library | www.panjabdigilib.org

ਮਿਲਹੁ ਹਕੀਕਤਿ ਜਿਤ ਫਿਰ ਨ ਮਰਾ ॥
੩ ॥ ਕੁਰਾਨ ਕਤੇਬ ਦਿਲ ਮਾਹਿ ਕਮਾਹੀ॥
ਦਸ ਅਉਤਾਰ ਰਾਖੇ ਬਦ ਰਾਹੀ ॥ ਪੰਚ
ਮਰਦ ਸਿਦਕ ਲੈ ਬਾਂਧਹੁ ॥ ਖੈਰ ਸਬੂਰੀ
ਕਬੂਲ ਪਰਾ ॥ ੪ ॥ ਮੱਕਾ ਮਿਹਰ ਰੋਜਾ
ਪੈ ਖਾਕ॥ ਭਿਸਤ ਪੀਰ ਲਫਜ ਕਮਾਇ
ਅੰਦਾਜ ॥ ਹੂਰ ਨੂਰ ਮੁਸਕ ਖੁਦਾਇਆ ॥
ਬੰਦਗੀ ਅਲਹੁ ਅਲਾ ਹੁਜਰਾ ॥ ੫ ॥
ਸਚ ਕਮਾਵੇ ਸੋਈ ਕਾਜੀ। ਜੋ ਦਿਲ ਸੋਧੇ
ਸੋਈ ਹਾਜੀ ॥ ਸੋ ਮੁਲਾ ਮਲਊਨ
ਨਿਵਾਰੇ॥ ਸੋ ਦਰਵੇਸ ਜਿਸ ਸਿਫਤ ਧਰਾ॥
੬ ॥ ਸਭੇ ਵਖਤਿ ਸਭੇ ਕਰਵੇਲਾ ॥ ਖਾਲਕੁ
ਯਾਦਿ ਦਿਲੇ ਮਹਿ ਮਉਲਾ ॥ ਤਸਬੀ
ਯਾਦਿ ਕਰੋ ਦਸ ਮਰਦਨ ॥ ਸੁੰਨਤ
ਸੀਲੁ ਬੰਧਾਨਿ ਬਰਾ॥ ੭ ॥ ਦਿਲ ਮੈ ਜਾਨੋ
ਸਭ ਫਿਲ ਹਾਲਾ ॥ ਖਿਲ ਖਾਨਾ ਬਿਰਾਦਰ
ਹਮੂ ਜੰਜਾਲਾ ॥ ਮੀਰ ਮਲਕ ਉਮਰੇ

Digitized by Panjab Digital Library | www.panjabdigilib.org

ਫਾਨਾਇਆ ॥ ਇਕ ਮੁਕਾਮ ਖੁਦਾਇ ਦਰਾ ॥ ੮ ॥ ਅਵਲ ਸਿਫਤ ਦੂਜੀ ਸਾਬੂਰੀ ॥ ਤੀਜੇ ਹਲੇਮੀ ਚਉਥੈ ਖੈਰੀ ॥ ਪੰਜਵੈ ਪੰਜੇ ਇਕਤ ਮੁਕਾਮੈ ॥ ਇਹ ਪੰਜ ਵਖਤ ਤੇਰੇ ਅਪਰ ਪਰਾ ॥ ੯ ॥ ਸਗਲੀ ਜਾਨਿ ਕਰਉ ਮਉਦੀਫਾ ॥ ਬਦ ਅਮਲ ਛੋਡਿ ਕਰਹੁ ਹਥਿ ਕੂਜਾ ॥ ਖੁਦਾਇ ਏਕ ਬੁਝਿ ਦੇਵਹੁ ਬਾਂਗ ॥ ਬੁਰਗ ਬਰਖੁਰਦਾਰ ਖਰਾ ॥ ੧੦ ॥ ਹਕੁ ਹਲਾਲੁ ਬਖੋਰਹੁ ਖਾਨਾ ॥ ਦਿਲ ਦਰੀਆਉ ਧੋਵਹੁ ਮੈਲਾਨਾ ॥ ਪੀਰ ਪਛਾਨੈ ਭਿਸਤੀ ਸੋਈ ॥ ਅਜਰਾਈਲ ਨ ਦੋਜ ਠਰਾ ॥ ੧੧ ॥ ਕਾਇਆ ਕਿਰਦਾਰ ਅਉਰਤਿ ਯਕੀਨਾ ॥ ਰੰਗ ਤਮਾਸੇ ਮਾਣਹਿ ਕੀਨਾ ॥ ਨਾਪਾਕੁ ਪਾਕੁ ਕਰਿ ਹਦੂਰਿ ਹਦੀਸਾ ॥ ਸਾਬਤ ਸੂਰਤ ਦਸਤਾਰ ਸਿਰਾ ॥ ੧੨ ॥ ਮੁਸਲਮਾਣੁ ਮੋਮ ਦਿਲ ਹੋਵੈ ॥ ਅੰਤਰਿ ਕੀ ਮਲ ਦਿਲ

Digitized by Panjab Digital Library | www.panjabdigilib.org

ਤੇ ਧੋਵੇ ॥ ਦੁਨੀਆ ਰੰਗ ਨ ਆਵੈ
ਨੇੜੇ ॥ ਜਿਉ ਕੁਸਮ ਪਾਟ ਘਿਉ ਪਾਕ
ਹਰਾ ॥ ੧੩ ॥ ਜਿਨ ਕਉ ਮਿਹਰ ਮਿਹਰ
ਮਿਹਰਵਾਨਾ ॥ ਸੋਈ ਮਰਦੁ ਮਰਦੁ
ਮਰਦਾਨਾ ॥ ਸੋਈ ਸੇਖ ਮਸਾਇਕ
ਹਾਜੀ ॥ ਸੋ ਬੰਦਾ ਜਿਸ ਨਦਰਿ ਨਰਾ ॥
੧੪ ॥ ਕੁਦਰਤਿ ਕਾਦਰ ਕਰਨ
ਕਰੀਮਾ ॥ ਸਿਫਤਿ ਮੁਹਬਤਿ ਅਥਾਹ
ਰਹੀਮਾ ॥ ਹਕੁ ਹੁਕਮੁ ਸਚੁ ਖੁਦਾਇਆ ॥
ਬੁਝਿ ਨਾਨਕ ਬੰਦਿ ਖਲਾਸ ਪਰਾ ॥੧੫ ॥

## ਚੌਪਈ—

ਕਹਾ ਸਕਲ ਬਿਰਤਾਂਤ ਸੁਨਾਈ । ਗੁਰ ਮਿੱਠੇ ਖ਼ਾਂ ਕੋ ਸਮਝਾਈ
ਵਹੁ ਅੱਲਾਹ ਆਗੰਮ ਅਪਾਰੇ । ਤਾਂਹਿ ਖ਼ੁਦਾਈ ਬੰਦੇ ਸਾਰੇ
ਜੋ ਤਿਸ ਕਦਮ ਖ਼ਾਕ ਹੋ ਜਾਵੇ । ਸੋ ਦਰਵੇਸ਼ ਕਬੂਲ ਕਹਾਵੇ
ਬੋਲਣ ਸਾਚ ਨਿਵਾਜ ਜੁ ਸਾਚੀ । ਔਰ ਨਿਵਾਜ਼ ਯਾਹਿ ਬਿਨ ਕਾਚੀ
ਔਰ ਮੁਸੱਲਾ ਕਾਹਿ ਬਿਛਾਵੇ । ਏਕ ਯਕੀਨ ਖ਼ੁਦਾ ਪਰ ਲਜਾਵੇ
ਯਹ ਆਸਾ ਲਕਟੀ ਤਜ ਦੇਵੇ । ਆਸਾ ਮਾਰ ਨ ਆਸਾ ਲੇਵੇ
ਯਹ ਦੇਹੀ ਤੁਮ ਬਨੀ ਮਸੀਤਾ । ਮਨ ਮੁੱਲਾਂ ਇਸ ਭੀਤਰ ਮੀਤਾ
ਤਾਕੇ ਸੰਗ ਰਹੋ ਖ਼ੁਸ਼ਹਾਲ । ਜਾਕੇ ਬਲ ਨਹਿ ਮਾਰੇ ਕਾਲ

Digitized by Panjab Digital Library | www.panjabdigilib.org

ਕਲਮਾਂ ਔਰ ਕਲਹ ਉਪਜਾਵੈ । ਦੂਸਰ ਮਤ ਕੋ ਕਬੀ ਨ ਭਾਵੈ
ਪਾਕ ਖ਼ੁਦਾਇ ਕਲਾਮਹਿ ਸਾਚੋ । ਹੋਇ ਨਜਾਤ ਜਾਯਾ ਮਹਿਰਾਚੋ
ਸਰਾ ਸ਼ਰੀਅਤ ਅਹੇ ਕਮਾਈ । ਯਾ ਬਿਨ ਝੂਠੀ ਔਰ ਬਤਾਈ
ਤਰੀਕਤ ਤਰਕ ਕਰੋ ਬੁਰਿਆਈ । ਖੋਜੋ ਇਕ ਖ਼ੁਦਾ ਕੋ ਭਾਈ
ਮਨ ਮਾਰਨ ਮਾਰਫਤ ਪਹਚਾਨੋ । ਸਾਚੀ ਮੰਜ਼ਲ ਯਹੀ ਪਛਾਨੋ
ਮਿਲੋ ਹੱਕ ਸੇ ਖੋਇਕਰ ਦੂਈ । ਯਹੀ ਹਕੀਕਤ ਤੁਮਰੀ ਹੂਈ
ਜਾਕੇ ਲਖੇ ਜਨਮ ਅਰ ਮਰਨਾ । ਦੂਰ ਹੋਇ ਭਲਨਿਸਚੇਕਰਨਾ
ਕਾਮ ਕ੍ਰੋਧ ਆਦਿ ਯਹ ਪਾਂਚੋ । ਬਾਂਧੋ ਸਿਦਕ ਸਾਥ ਮੁਖ ਰਾਚੋ
ਮਾਂਗਹੁ ਖ਼ੈਰ ਨ ਰੋਟੀ ਦਾਨੇ । ਜੇਕਰ ਹੋ ਤੁਮ ਠੀਕ ਸਿਆਨੇ
ਸਬੂਰੀ ਖ਼ੈਰ ਤਾਹ ਦਰ ਮਾਂਹੀ । ਕਬੂਲ ਪਰੋ ਮਾਂਗੋ ਤੇ ਜਾਂਹੀ
ਵਹੁ ਮੱਕਾ ਇਕਅਹੇਮਕਾਨਾ । ਨਹਿਖੁਦਾਇਤਿਸਮਾਂਹਿਬੰਧਾਨਾ
ਸਾਚੋ ਮੱਕਾ ਮਿਹਰ ਪਛਾਨੋ । ਜਿਸ ਮਹਿ ਰਹੈ ਖ਼ੁਦਾਇ ਮਹਾਨੋ
ਭੂਖੇ ਮਰ ਦੇਹੀ ਦੁਖ ਦੇਨਾ । ਯਹ ਰੋਜ਼ਾ ਕੋ ਭੁਲਾ ਕਹੇਨਾ
ਚੂਰ ਕਰੇ ਮਨ ਕੋ ਅਭਮਾਨਾ । ਖ਼ਾਕ ਸਮਾਨ ਆਪ ਪਹਚਾਨਾ
ਯਹੀ ਤੁਮਾਰੋ ਰੋਜ਼ਾ ਨੀਕਾ । ਜਾਹ ਧਰੇ ਦੁਖ ਜਾਏ ਜੀ ਕਾ
ਜੋ ਵਡਜਨ ਕੇ ਬਚਨ ਵਿਚਾਰੇ । ਬੇਹੂਦਾ ਨਹਿ ਕਿਸੇ ਪੁਕਾਰੇ
ਸੋਈ ਸੁਖ ਪਾਵੇ ਜਗ ਮਾਂਹੀ । ਯਾ ਸਮ ਔਰ ਬਹਿਸ਼ਤਨਕਾਂਹੀ
ਹੂਰ ਨੂਰ ਅੱਲਾ ਕਾ ਜਾਨੋ । ਅੱਲਾ ਲਖਨ ਬੰਦਗੀ ਮਾਨੋ
ਸਾਚ ਕਮਾਵੇ ਕਾਜੀ ਹੋਵੇ । ਦਿਲ ਕੋ ਸੋਧੇ ਹਾਜੀ ਜੋਵੇ
ਨਿੰਦਤ ਕਰਮ ਦੂਰ ਜੋ ਕਰ ਹੈ । ਸੋਈ ਮੁੱਲਾਂ ਹਮ ਮਤ ਧਰ ਹੈ
ਤਾਂਕੀ ਸਿਫ਼ਤ ਰਤੇ ਨਰ ਜੋਈ । ਸੋ ਦਰਵੇਸ਼ ਦਰ ਤਿਸਕਾ ਹੋਈ
ਪਾਂਚ ਵਕਤ ਕੀ ਕੈਦ ਨ ਕਰਨੀ । ਸੱਭੇ ਵਕਤਪਰੋਹਰਿਸਰਨੀ
ਸੱਭੇ ਵੇਲੇ ਤਾਕੇ ਹਈਏ । ਪਾਂਚ ਵਕਤ ਕਿਸ ਕਾਰਨ ਕਹੀਏ

Digitized by Panjab Digital Library | www.panjabdigilib.org

ਜਬ ਖ਼ਾਲਕਮਿਲਨਾਦਿਲ ਚਾਹੇ। ਤਬੀ ਤਾਹਿਕੋਮਨਹਿਧਿਆਹੇ
ਮਣਕੇ ਕੀ ਤਸਬੀ ਮਤ ਫੇਰੋ। ਯਾਤੇ ਕਾਮ ਸਰੇ ਨਹਿ ਤੇਰੋ
ਦਸ ਇੰਦ੍ਰੇ ਜੋ ਹੈਂ ਬਲਵਾਨਾ। ਤਾਕੋ ਦਮਨ ਤਸਬੀ ਹੈ ਜਾਨਾ
ਲਿੰਗ ਕਾਟ ਸੁੰਨਤ ਨਹਿ ਹੋਈ। ਸੁੰਨਤ ਸੀਲ ਪਛਾਨੋ ਸੋਈ
ਸਕਲ ਸਬੰਧੀ ਜਾਨ ਫ਼ਨਾਹੇ। ਤੇ ਪਰੋ ਖ਼ੁਦਾ ਕੇ ਰਾਹੇ
ਪੀਰ ਫ਼ਰਿਸ਼ਤੇਪੁਨ ਅਮਰਾਵਾ। ਯਾ ਜਗ ਮੈ ਥਿਰਨਾਂਹਿਰਹਾਵਾ
ਏਕ ਖ਼ੁਦਾਇ ਸਦਾਅਬਨਾਸੀ। ਤਾ ਬਿਨ ਸਕਲਕਾਲਕੀਹਾਸੀ
ਪਾਂਚ ਨਿਵਾਜ ਨਾਮਯਹਹਈਏ। ਇਨਕੋ ਸਦਮਨਮਾਂਹਿਪੜ੍ਹੀਏ
ਅੱਵਲਸਿਫ਼ਤ ਖ਼ੁਦਾਕੀਕਰਨੀ ਦੂਜੀ ਸਬਰ ਸਬੂਰੀ ਧਰਨੀ
ਤੀਸਰ ਨਿੰਮ੍ਰਤ ਭਾਵ ਰਖੀਜੈ। ਚੌਥੇ ਦਾਨ ਪ੍ਰਭੂ ਤੇ ਲੀਜੈ
ਪੰਚਮ ਪੰਚ ਇੰਦਰੇ ਗਜਾਨਾ। ਰੋਕ ਲਗਾਇ ਏਕ ਧਜਾਨਾ
ਯਹੀ ਪਾਂਚ ਤੁਹਿ ਵਕਤਅਮੋਲਾ। ਇਨਕੋ ਤਜਾਗਤਹੈਨਰਗੋਲਾ
ਸਭ ਬੁਰਿਆਈ ਛੋਡਨ ਜੋਈ। ਕਰੋ ਮਉਦੀਫਾ ਮਨ ਤੇ ਸੋਈ
ਛੋਡ ਦੇਹੁ ਸਗਲੀ ਬਦਰਾਹੀ। ਯਾ ਸਮ ਪੂਜਾ ਦੂਸਰ ਨਾਹੀ
ਔਰ ਬਾਂਗ ਜੋ ਉਚ ਪੁਕਾਰੋ। ਬਧਰਾ ਨਹੀਂ ਖ਼ੁਦਾਇ ਪਿਆਰੋ
ਸਦਾ ਏਕ ਮੁਖ ਤੇ ਤਿਸ ਗਾਵੋ। ਯਹੀ ਬਾਂਗ ਨਿਰਸੰਕ ਸੁਨਾਵੋ
ਦਰਗਹਿ ਮਾਨ ਤਾਹਿ ਕੀ ਪਾਵੋ। ਯਹੀ ਬਾਂਗ ਜਬ ਤੁਕਸੁਨਾਵੋ
ਹੱਕ ਹਲਾਲ ਪਛਾਨਨ ਜੋਈ। ਯਹ ਖਾਨਾ ਖਾਵੋ ਸਭ ਕੋਈ
ਧੋਵਹੁ ਮੈਲ ਦਿਲੇ ਕੀ ਭਾਈ। ਤਹਿੰਰਹਿਮਤਕੋ ਦਰਬਰਿਆਈ
ਮਹਾਂ ਪੁਰਸ਼ ਕੇ ਬਚਨ ਬਿਚਾਰੈ। ਸੋਈਸੁਖੀਆ ਜਗਤਉਚਾਰੈ
ਅਜ਼ਰਾਈਲ ਨਰਕ ਡਰਜੋਈ। ਤਿਸ ਨਰਕੋਹੋਵਤ ਨਹਿ ਕੋਈ
ਦੇਹੀ ਕੋ ਕਾਦਾਰਲਖੀਨਾ। ਔਰਤਦਿਲ ਮਹਿ ਸਮਝ ਯਕੀਨਾ
ਤਾਂਤੇ ਜੋ ਕਰਤਾ ਸੁਖ ਦੇਵੇ। ਤਿਨਕੇ ਰੰਗ ਨ ਕਿਉਂ ਕਰ ਲੇਵੇ

Digitized by Panjab Digital Library | www.panjabdigilib.org

ਨਪਾਕ ਖਿਆਲ ਕੋਦੂਰਹਟਾਵੇ। ਭਾਵਪਵਿੱਤਰ ਮਨ ਹਰਖਾਵੇ
ਯਹੀ ਹਦੀਸ ਸਮਝੋ ਮਨ ਮਾਂਹੀ। ਜਾਕੇ ਯਾਦ ਕਰੇ ਸੁਧ ਪਾਂਹੀ
ਜੈਸੀ ਸੂਰਤ ਕਰਤੇ ਦੀਨੀ। ਤਾਕੋ ਕਬੀ ਨ ਕਰੀਓ ਹੀਨੀ
ਜੈਸਾ ਆਇਆ ਤੈਸਾ ਰਹੇ। ਯਹ ਦਸਤਾਰ ਸੀਸ ਤੁਹਿ ਕਹੇ
ਦਇਆ ਵੰਤ ਮਨ ਮੋਮ ਸਮਾਨਾ। ਜਾਕੋ ਹੋਇ ਸੁ ਮੁਸਲਮਾਨਾ
ਧੋਇ ਕਦੂਰਤ ਦਿਲ ਤੇ ਸਾਰੀ। ਦੁਖਦਾਈ ਸੁਖ ਦਏ ਵਿਸਾਰੀ
ਪਾਟ ਫੂਲਘ੍ਰਿਤਸਮ ਹੋਸੁੱਧਾ। ਰਹੇਜਗਤ ਮਹਿਨਿਰਮਲ ਬੁਧਾ
ਜਿਨਪਰਕਿਰਪਾਪ੍ਰਭਯਹਕਰ ਹੈ। ਸੋਈ ਮਰਦਮਰਦਗੀ ਧਰ ਹੈ
ਵੋਹੀ ਸ਼ੇਖ ਮਸਾਇਕ ਕਾਜੀ। ਸੋ ਬੰਦਾ ਜਿਸ ਪਰ ਵਹੁ ਰਾਜੀ
ਨਾਤਰ ਨਰਕ ਪੰਥ ਕੋ ਜੈ ਹੈ। ਕਾਫਰਕਰ ਮਨ ਜਾਂਹਿ ਕਰੈ ਹੈ
ਤਿਸਕੀਸਿਫਤਪ੍ਰੇਮ ਸੋਕਰ ਹੈ। ਤਾਕੇ ਹੁਕਮ ਸਾਚ ਸਿਰ ਧਰ ਹੈ
ਜਿਨ ਯਹ ਬੂਝਾ ਸੋ ਸੁਖ ਰਾਸੀ। ਪਾਵਤ ਹੈ ਜਨਬੰਧ ਖਲਾਸੀ
ਹੇ ਮੀਆਂ ਮਿੱਠਨ ਖਾਂ ਐਸੇ। ਹੋਹ ਮੁਸਲਮਾਂ ਭਾਖੇ ਜੈਸੇ
ਜਬ ਸੁਨ ਬਚਨਤਾਹਿਨੇ ਲੀਏ। ਹਾਥ ਜੋੜਚਰਨਨ ਸਿਰ ਦੀਏ
ਬੋਲਯੋ ਹੇ ਕਰਨਾ ਨਿਧ ਕੋਈ। ਕਰੈ ਨਸੀਹਤ ਮੁਝਕੋ ਸੋਈ
ਜਾਕਰਮੈਂ ਜਗਮਹਿ ਯਸਪਾਵੂੰ ਆਗੇ ਗਿਆ ਮ ਰ ਨਹਿ ਖਾਵੂੰ
ਸੁਨ ਬੋਲੇ ਕਰ ਕਿਰਪਾ ਭਾਰੀ। ਸੁਨ ਮੀਆਂ ਤੁਮ ਬਾਤਹਮਾਰੀ।

ਹਾਜਰਾਂ ਕੋ ਮਿਹਰ ਹੈ। ਬੇ ਹਾਜਰਾਂ ਕੋ ਬੇ ਮਿਹਰ ਹੈ। ਈਮਾਨ ਦੋਸਤ ਹੈ। ਬੇਈ-ਮਾਨ ਕਾਫਰ ਹੈ। ਕੁਫਰ ਕਹਰ ਹੈ। ਗੁਸਾ ਹਰਾਮ ਹੈ। ਨਫਸ ਸ਼ੈਤਾਨ ਹੈ। ਗੁਮਾਨ

Digitized by Panjab Digital Library | www.panjabdigilib.org

ਕੁਫਰ ਹੈ। ਬੇਈਮਾਨ ਨਾਪਾਕ ਹੈ। ਮੋਮ ਦਿਲ ਪਾਕ ਹੈ। ਇਲਮ ਹਲੀਮੀ ਹੈ। ਬੇ ਹਿਰਸ ਅਉਲੀਆ ਹੈ। ਬੇ ਦਿਆਨਤ ਨਾ ਸੁਰਖਰੂ ਹੈ। ਕ੍ਰਿਤਘਨ ਜਰ ਦਰੂ ਹੈ। ਸਚ ਬਹਿਸਤ ਹੈ। ਦਰੋਗ ਦੋਜ਼ਖ ਹੈ। ਜੋਰ ਜੁਲਮ ਹੈ। ਸਿਫਤ ਉਜੂ ਹੈ। ਬਾਂਗ ਬਲਲ ਹੈ। ਚੋਰੀ ਲਾਲਚ ਹੈ। ਜਾਰੀ ਪਲੀਤੀ ਹੈ। ਫਕੀਰੀ ਸਬੂਰੀ ਹੈ। ਨਾ ਸਬੂਰੀ ਮਕਰੂਰੀ ਹੈ। ਰਾਹੁ ਪੀਰਾਂ ਹੈ। ਬੇ ਰਾਹੁ ਬੇਪੀਰਾਂ ਹੈ। ਇਆਨਤ ਦੋਸਤ ਹੈ। ਬੇਦਿਆਨਤ ਨਕਾਰਾ ਹੈ। ਤੇਗ ਮਰਦਾਂ ਹੈ। ਅਦਲ ਪਾਤਸਾਹਾਂ ਹੈ। ਏਤੇ ਟੋਲ ਜੋ ਜਾਨ ਜਨਾਵੈ। ਤੌ ਨਾਨਕ ਦਾਨਸਵੰਦ ਕਹਾਵੈ ॥

## ਚੌਪਈ—

ਅਸ ਉਪਦੇਸ ਸਧਾਰਨ ਕੀਨਾ। ਤਾਕੋ ਅੰਧਕਾਰ ਹਤ ਦੀਨਾ
ਹਾਥ ਜੋੜਤਿਨਇਨਤੀਕੀਨੀ। ਹੇਗੁਰ ਤੁਮ ਨਜਾਤਮੁਹਿ ਦੀਨੀ
ਸਤ ਕਰਤਾਰ ਕਹਤ ਤਹ ਆਗੇ। ਚਲੇ ਗੁਰੂ ਦਿਸਔਰ ਸੁਭਾਗੇ

Digitized by Panjab Digital Library | www.panjabdigilib.org

# ਸਿੱਧਾਂ ਪ੍ਰਤਿ

## ਚੌਪਈ–

ਜਾਤ ਜਾਤ ਪਹੁਚੇ ਤਹ ਜਾਈ । ਊਪਰ ਟਿੱਲੇ ਬਾਲ ਗੁਦਾਈ
ਤਹਾਂ ਸਿੱਧ ਜਨ ਜੋਗਾ ਧਾਰੀ । ਬੈਠੇ ਲਾਇ ਸਮਾਧਨ ਭਾਰੀ
ਜਾਇ ਗੁਰੂ ਜੀ ਊਚ ਪੁਕਾਰਾ । ਸਤ ਕਰਤਾਰ ਸਿੱਧ ਜੈਕਾਰਾ
ਵਡੇ ਵਡੇ ਤਨਬ੍ਰਿਧਹਜੋਗੀ । ਬੀਚਸਮਾਧ ਉਮਰ ਜਿਨ ਭੁਗੀ
ਦੇਖ ਗੁਰੂ ਕੋ ਕਹੀ ਆਦੇਸਾ । ਪਾਛੇ ਪੂਛਾ ਸਗਲ ਸਦੇਸਾ
ਲਗੇ ਬਚਨ ਹੋਵਨ ਦੁਹ ਓਰਾ । ਕੋਇਨ ਨਿਜਕੋ ਆਖਤ ਥੋਰਾ
ਜੋਗੀ ਜਨ ਤਬ ਕਹਾ ਪੁਕਾਰੀ । ਧਾਰ ਜੋਗ ਹੋ ਹਮ ਅਨੁਸਾਰੀ
ਸਗਲੀਸਿੱਧਤੇਹਿਵਸਹੋਇਹੈ । ਰਿੱਧਸਿੱਧ ਤੁਮਰੀ ਪਗ ਧੁਇ ਹੈ
ਸਕਲਜਗਤਕੀਲਛਮੀਜੇਤੀ । ਕਰੈਂ ਇਕੱਤਰ ਪਲ ਮਹਿ ਤੇਤੀ
ਮੋਤੀ ਮੰਦਰ ਰਤਨ ਜੜਾਏ । ਕਰ ਲੈ ਹੈਂ ਜੈਸੇ ਮਨ ਭਾਏ
ਲੇਪਨ ਕਰੈਂ ਸੁਗੰਧੀ ਸੰਗਾ । ਅਨਕ ਭਾਂਤ ਭੋਗੇਂ ਤਹਿ ਰੰਗਾ
ਭਾਂਵੇ ਸਾਰੀ ਧਰਨੀ ਜੇਤੀ । ਲਾਲਨ ਸੋ ਜੜ ਲੈ ਹੈਂ ਤੇਤੀ
ਗੁਪਤਪ੍ਰਗਟ ਪਲਮਹਿ ਹੋਜਾਵੇਂ ਕਾਹੂੰਦਿਸ਼ਟਮੁਸ਼ਟਨਹਿਆਵੇਂ
ਗਗਨਿ ਮਾਂਹਿ ਲੈ ਜਾਹਿੰ ਉਡਾਰੀ । ਐਸੀ ਕਰਾਮਾਤ ਜੋ ਭਾਰੀ
ਸੋ ਸਾਰੀ ਬਨ ਹੈ ਤੁਹਿ ਦਾਸੀ । ਤਿਨਬਲ ਕਰ ਪੈ ਹੈਸੁਖ ਰਾਸੀ
ਜਬ ਸਿੱਧਨਲਾਲਚ ਯੋਂਦੀਨਾ । ਤਬਗੁਰਯੋਂਭਲਭਾਖਨ ਕੀਨਾ

Digitized by Panjab Digital Library | www.panjabdigilib.org

ਮੋਤੀ ਤ ਮੰਦਰਿ ਊਸਰੇ ਰਤਨੀ ਤ ਹੋਹਿ
ਜੜਾਉ ॥ ਕਸਤੂਰ ਕੁੰਗੂ ਅਗਰ ਚੰਦਨ
ਲੀਪਿ ਆਵੈ ਚਾਉ ॥ ਮਤ ਦੇਖਿ ਭੂਲਾ
ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥੧॥
ਹਰਿ ਬਿਨ ਜੀਉ ਜਲਿ ਬਲਿ ਜਾਉ ॥
ਮੈ ਆਪਨਾ ਗੁਰ ਪੂਛਿ ਦੇਖਿਆ ਅਵਰ
ਨਾਹੀ ਥਾਉ ॥ ੧ ॥ ਰਹਾਉ ॥ ਧਰਤੀ ਤ
ਹੀਰੇ ਲਾਲ ਜੜਤੀ ਪਲਘ ਲਾਲ ਜੜਾਉ।
ਮੋਹਣੀ ਮੁਖ ਮਣੀ ਸੋਹੈ ਕਰੇ ਰੰਗ ਪਸਾਉ
ਮਤ ਦੇਖਿ ਭੂਲਾ ਵੀਸਰੈ ਤੇਰਾ ਚਿਤ ਨ
ਆਵੈ ਨਾਉ ॥ ੨ ॥ ਸਿਧ ਹੋਵਾ ਸਿਧ
ਲਾਈ ਰਿਧਿ ਆਖਾਂ ਆਉ । ਗੁਪਤ
ਪਰਗਟ ਹੋਇ ਬਸਾਂ ਲੋਕ ਰਾਖੈ ਭਾਉ।
ਮਤ ਦੇਖ ਭੂਲਾ ਵੀਸਰੈ ਤੇਰਾ ਚਿਤ ਨ
ਆਵੈ ਨਾਉ। ਸੁਲਤਾਨ ਹੋਵਾ ਮੇਲ
ਲਸਕਰ ਤਖਤ ਰਾਖਾਂ ਪਾਉ। ਹੁਕਮੁ
ਹਾਸਲੁ ਕਰੀ ਬੈਠਾ ਨਾਨਕਾ ਸਭਵਾਉ।

Digitized by Panjab Digital Library | www.panjabdigilib.org

ਮਤ ਦੇਖ ਭੁਲਾ ਵੀਸਰੈ ਤੇਰਾ ਚਿਤ ਨ ਆਵੈ ਨਾਉ ॥ ੪ ॥ ੧ ॥ ਕੋਟਿ ਕੋਟੀ ਮੇਰੀ ਆਰਜਾ ਪਵਣੁ ਪੀਅਣੁ ਅਪਿਆਉ। ਚੰਦੁ ਸੂਰਜ ਦੁਇ ਗੁਫੈ ਨ ਦੇਖਾ ਸੁਪਨੈ ਸਉਣ ਨ ਥਾਉ। ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੧ ॥ ਸਾਚਾ ਨਿਰੰਕਾਰੁ ਨਿਜ ਥਾਇ। ਸੁਣਿ ਸੁਣਿ ਆਖਣ ਆਖਣਾ ਜੇ ਭਾਵੈ ਕਰੇ ਤਮਾਇ ॥ ੧ ॥ ਰਹਾਉ ॥ ਕੁਸਾ ਕਟੀਆ ਵਾਰ ਵਾਰ ਪੀਸਣਿ ਪੀਸਾ ਪਾਇ। ਅਗੀ ਸੇਤੀ ਜਾਲੀਆ ਭਸਮ ਸੇਤੀ ਰਲਿ ਜਾਉ। ਭੀ ਤੇਰੀ ਕੀਮਤਿ ਨ ਪਵੈ ਹਉ ਕੇਵਡ ਆਖਾ ਨਾਉ ॥ ੨ ॥ ਪੰਖੀ ਹੋਵੈ ਜੇ ਭਵਾਂ ਸੈ ਅਸਮਾਨੀ ਜਾਉ। ਨਦਰੀ ਕਿਸੈ ਨ ਆਵਊ ਨ ਕਿਛੁ ਪੀਆ ਨ ਖਾਉ। ਭੀ ਤੇਰੀ ਕੀਮਤਿ ਨਾ ਪਵੈ ਹਉ ਕੇਵਡੁ ਆਖਾ ਨਾਉ ॥ ੩ ॥ ਨਾਨਕ ਕਾਗਦਿ

Digitized by Panjab Digital Library | www.panjabdigilib.org

**ਲਖ ਮਣਾ ਪੜ੍ਹਿ ਪੜ੍ਹਿ ਕੀਚੈ ਭਾਉ ।**
**ਮਸੂ ਤੋਟਿ ਨ ਆਵਈ ਲੇਖਣ ਪਉਣ**
**ਚਲਾਉ । ਭੀ ਤੇਰੀ ਕੀਮਤਿ ਨਾ ਪਵੈ**
**ਹਉ ਕੇਵਡ ਆਖਾ ਨਾਉ ॥ ੪ ॥**

## ਚੌਪਈ—

ਹੋਇ ਮਗਨ ਈਸੂਰ ਰਤਮਾਂਹੀ । ਭਰੇ ਵੈਰਾਗ ਸਬਦਉਚਰਾਹੀ
ਅਕਾਲ ਪੁਰਖ ਤੋਬਿਨਜੋ ਆਨਾ । ਸੰਸਾਰਕ ਸੁਖਤਜਤਮਹਾਨਾ
ਸਿੱਧਨ ਕੋ ਅਸ ਨਿਜਮਨਭਾਵਾ । ਚਹਾ ਗੁਰੂਬ ਭੇਤਲਖਾਵਾ
ਅਹੋ ਸਿੱਧ ਜਨ ਜੋ ਤੁਮ ਗਾ ਯੋ । ਸੋ ਤੋ ਕੁੱਛ ਨ ਮੋ ਮਨ ਭਾਯੋ
ਜੋ ਮੋ ਮੰਦਰ ਰਤਨਜੜਾਊ । ਨਿਜ ਨਿਵਾਸ ਹਿਤਮੋਹਿਬਨਾਊ
ਚੰਦਨ ਅਗਰ ਕੁੰਗੂ ਕਸਤੂਰੀ । ਅਤ ਸੁਗੰਧ ਲੇਪਨ ਕਰਪੂਰੀ
ਤਿਸ ਮਹਿ ਉਮਗ ਸਹਿਤ ਮਹਿਵਾਸਾ ਸਦਾਰਹੇਜਾਹਦੂ ਕੋਨਾਸਾ
ਹੇ ਪ੍ਰਭ ਐਸੇ ਸੁੰਦਰ ਗ੍ਰੇਹਾ । ਮੈਂ ਦੇਖਨ ਨਹੀਂ ਚਾਹਤ ਏਹਾ
ਜਾਕੋ ਸੁਖ ਪਿਖਤੋਹਭੁਲਾਵੇਂ । ਤਾਂਤੇ ਤਾਹਿ ਨ ਮਨਮਹਿਧਜਾਵੇਂ
ਹੇ ਪ੍ਰਭਤਹਿ ਬਿਨਆਤਮ ਮੇਰਾ । ਤੀਨ ਤਾਪ ਅਗਨੀ ਕ ਘੇਰਾ
ਜਲ ਬਲ ਖਾਕਹੋਇਪਲਮਾਂਹੀ । ਤੁਝਬਿਨ ਠੌਰਔਰ ਹਿਨਾਂਹੀ
ਪੁਨ ਜਹ ਧਰਤੀ ਪਾਉ ਧਰੈ ਹੋਂ । ਹੀਰੇ ਲਾਲ ਜੜਤਮੋ ਪੈ ਹੋਂ
ਤਾਂਪਰ ਰਤਨ ਜੜਤ ਪਰਫੰਕਾ । ਪੌਢਨ ਕੋ ਹੋਵੈ ਬਰ ਬੰਕਾ
ਤਹਿ ਮਨ ਮੋਹਨ ਹਾਰੀਨਾਰੀ । ਮਨਹੁਉਰਬਸੀ ਬਿਧਨਸਵਾਰੀ
ਇੰਦ ਤ੍ਰੰਡ ਰਤਿ ਕੇ ਸਮ ਸਾਰੀ । ਕਾਮ ਕੇਲ ਸੁਖਦੇਵਨ ਹਾਰੀ
ਤਾਕੇ ਮੰਦਰ ਭੁਵਨਨ ਮਾਂਹੀ । ਭੋਗਨ ਸੁਖ ਥੋਰੋ ਕੁਛ ਨਾਂਹੀ

Digitized by Panjab Digital Library | www.panjabdigilib.org

ਤੌ ਭੀ ਮੈਂ ਤਹਿ ਨਹਿ ਦ੍ਰਿਸਟਾਵੌਂ। ਜਾਂ ਲੰਪਟ ਹੋਤੇਹਿਭੁਲਾਵੇਂ
ਤੁਮਰੋ ਨਾਉਂ ਭੁਲਾਵਨ ਹਾਰੀ। ਸੋ ਨਾਰੀ ਹੈਂ ਨਾਗਨ ਕਾਰੀ
ਪੁਨਹ ਸਿੱਧਹੁਇਸਿੱਧੀਲਾਵੇਂ।ਅਣਮਾ ਮਹਿਮਾਆਦਿਦਿਖਾਵੌਂ
ਗੁਪਤਪ੍ਰਗਟਵਸਤਨਕੋਜਾਨੋਂ।ਰਿੱਧਸਕਲਨਿਜਕਰਤਲਆਨੋਂ
ਪਲ ਮਹਿਗੁਪਤਹੋਇਦਿਖਲਾਵੇਂ। ਕਾਹੂੰਦ੍ਰਿਸ੍ਟਿਵਿਖੇਨਹਿਆਵੇਂ
ਪੁਨ ਸਥੂਲ ਪਰਬਤ ਸਮਹੋਵੇਂ। ਵਾਕ ਸਿੱਧਕਰਜਗਤਬਗੋਵੇਂ
ਸਰਧਾ ਕਰੇ ਸਕਲ ਸੰਸਾਰਾ। ਮਾਨਹਿ ਮਨਹੁ ਏਹ ਕਰਤਾਰਾ
ਯੱਦਜਪ ਹੋਇ ਸ਼ਕਤ ਯਹ ਮੋਹੀ। ਤੱਦਜਪ ਦੇਖਨਰਹੋਨਦੋਹੀ
ਜਾ ਕਰ ਤੁਮਰੇ ਕੋ ਵਿਸਰਾਊਂ। ਐਸੇ ਸਿੱਧਨ ਸਿੱਧ ਬਹਾਊਂ
ਜੇ ਰਾਜਨ ਸਿਰ ਹੋਵੇਂਰਾਜਾ। ਬੈਠ ਤਖਤ ਸਿਰ ਧਰਹੌਂ ਤਾਜ
ਕਰੋ ਹੁਕਮ ਹਾਸਲ ਸਭ ਕੋਹੀ। ਯਹ ਭੀਨਹਿ ਚਾਹੂੰ ਪ੍ਰਭੁ ਦੋਹੀ
ਜਾਕੇ ਮਿਲੇ ਤੋਹਿ ਵਿਸਰਾਵੇਂ। ਤਾਂਤੇ ਨਹਿ ਮਨ ਮਾਂਹਿ ਵਸਾਵੌਂ
ਕਈ ਕ੍ਰੋੜ ਸਾਲ ਕੀ ਆਯੂ। ਹਇ ਸਿੱਧ ਬਲ ਕੇ ਪਰਭਾਊ
ਅੰਨ ਅਦਨ ਤਜਹੋ ਨਹ ਖਾਵੌਂ।ਜਲਯਾ ਪਵਨ ਅਹਾਰਕਰਾਵੇਂ
ਬੈਠ ਗੁਫਾ ਮਹਿ ਆਸਨ ਲਾਈ।ਚੰਦ ਸੂਰ ਦ੍ਰਿਸ਼ਟੀ ਨਹਿ ਆਈ
ਰੈਨ ਦਿਵਸ ਜਾਗੌਂ ਨਹਿ ਸੋਵੌਂ। ਸਕਲ ਦੂਖ ਸੰਸਾਰਕ ਖੋਵੌਂ
ਤੌਭੀ ਤੋਹਿ ਅੰਤ ਨਹਿ ਪਾਵੌਂ। ਕੇ ਵਡ ਤੁਮਰੇ ਨਾਮ ਬਤਾਵੌਂ
ਤੂ ਸਾਚਾ ਨਿਰੰਕਾਰ ਸਰੂਪਾ।ਅਚਲ ਅਚਾਇ ਸਰਬ ਜਗ ਭੂਪਾ
ਜੋ ਜਨ ਤੁਮਰੋ ਰੂਪ ਬਤਾਵੈ। ਪੁਨ ਲੱਖਨ ਗੁਨ ਕਥੇ ਕਥਾਵੈ
ਸੋ ਸਭ ਸੁਨੋ ਮੁਨੀ ਮਹ ਮੰਡਨ। ਤੁਮਰੋ ਕਥਨ ਕਰਤ ਪਰਚੰਡਨ
ਕਰੌ ਮਹਾਂ ਤਪ ਜੇ ਤਹਿ ਕਾਜਾ।ਕਸਟ ਸਹੌਂ ਤਨ ਹੇ ਮਹਾਰਾਜਾ
ਵਾਰ ਵਾਰ ਤਨ ਕੁਸਾ ਸਮਾਨਾ। ਦੇਹੁ ਕਟਾਇ ਛੋਡ ਅਭਮਾਨਾ
ਪੀਸਨ ਕੇ ਸਮ ਪੀਸ ਦਖਾਵੇਂ। ਪੁਨਾ ਅਗਨ ਕੇ ਸੰਗ ਜਲਾਵੇ

Digitized by Panjab Digital Library | www.panjabdigilib.org

ਹੋਇ ਖਾਕ ਤਨ ਧਰਨੀ ਧਰ ਹੈਤੌਭੀ ਕੀਮਤ ਤੋਹਿ ਨਪਰ ਹੈ
ਜੇ ਪੰਖੀ ਸਮ ਲਵਾਂ ਉਡਾਰੀ। ਕਰੋਂ ਅਕਾਸ ਗਮਨ ਮੈ ਭਾਰੀ
ਦ੍ਰਿਸਟ ਨਹੀਂ ਕਾਹੂੰਕੀ ਆਵੋ ਨਹਿਕੁਛ ਪੀਵੋਂ ਨਹਿਕੁਛ ਖਾਵੋਂ
ਤੌ ਭੀ ਤੁਹਿ ਕੀਮਤ ਨਹਿ ਪਾਵੋਂ। ਕੇ ਵਡ ਰੂਪ ਤੁਮਾਹੋ ਗਾਵੋਂ
ਲਾਖੋਂ ਮਨ ਕਾਗਤ ਨਰ ਲਿਆਵੈ।ਮਸਕੀ ਤੋਟ ਨ ਕਵਹੂੰਪਾਵੈ
ਪਵਨ ਲੇਖਨੀਲਿਖਨ ਹਾਰੀ।ਪੜ੍ਹਿਪੜ੍ਹਿ ਸਗਲੀਆਯੁ ਗੁਜਾਰੀ
ਤੌਭੀ ਤੋਹਿ ਅੰਤ ਨਹੀਂ ਆਵੈ। ਅਲਪ ਜੀਵ ਕੈਸੇ ਤੁਹਿ ਗਾਵੈ
ਅਹੋ ਅਨੰਤ ਸਕਤ ਕਰਤਾਰਾ। ਕੌਨ ਕਥੈ ਗੁਣ ਤੋਹਿ ਅਪਾਰਾ
ਤਾਂਤੇ ਅਸ ਅਕਾਲ ਕੋ ਤਿਆਗੇ। ਤੁਛ ਸਿੱਧ ਸਾਧਨ ਕੋ ਲਾਗੇ
ਤਾਂਤੇ ਸੁਨਹ ਸਿੱਧ ਮਮ ਬਾਨੀ। ਯਹ ਵਸਤੂ ਮੈਂ ਤੁੱਛ ਪਛਾਨੀ
ਜਾਂਤੇ ਇਨਕੋ ਅਸ ਤਜ ਜਾਉ। ਪਾਕ ਕਾਚਰੀ ਸਰਪ ਸੁਭਾਊ
ਸੁਨੀ ਵਿਰਾਗ ਭਰੀ ਜਬ ਬਾਨੀ।ਸਿੱਧਭਏ ਮਨ ਮਾਂਹਿ ਹਿਰਾਨੀ
ਬੋਲੇ ਬਟੁਰ ਤਪਾ ਸੁਨ ਭਾਈ। ਜੋਗ ਵਿਖੇ ਹਮ ਆਯੁ ਗੁਵਾਈ
ਤਾਂਤੇ ਸਾਚੇ ਬਚਨ ਹਮਾਰੇ। ਸਾਚਾ ਸਕਲ ਵਿਹਾਰ ਅਚਾਰੇ
ਜਬ ਜੋਗਨ ਸਾਚਾ ਨਿਸਆਯੋ।ਤਬ ਗੁਰੂ ਯਹ ਸਬਦ ਸੁਨਾਯੋ

ਸਚੁ ਤਾ ਪਰ ਜਾਣੀਐ ਜਾ ਰਿਦੈ ਸਚਾ ਹੋਇ॥ ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥ ਸਚੁ ਤਾ ਪਰ ਜਾਣੀਐ ਜਾ ਸਚ ਧਰੇ ਪਿਆਰੁ ॥ ਨਾਉ ਸੁਣਿ ਮਨੁ ਰਹਸੀਐ ਤਾ ਪਾਏ ਮੋਖ ਦੁਆਰੁ॥ ਸਚੁ ਤਾ ਪਰ ਜਾਣੀਐ ਜਾ ਜੁਗਤਿ ਜਾਣੈ

Digitized by Panjab Digital Library | www.panjabdigilib.org

ਜੀਉ ॥ ਧਰਤਿ ਕਾਇਆਂ ਸਾਧ ਕੇ ਵਿਚਿ
ਦੇਇ ਕਰਤਾ ਬੀਉ ॥ਸਚੁ ਤਾ ਪਰਜਾਣੀਐ
ਜਾਂ ਸਿਖ ਸਚੀ ਲੇਇ ॥ ਦਇਆ ਜਾਣੈ
ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥ ਸਚੁ
ਤਾਂ ਪਰ ਜਾਣੀਐ ਜਾਂ ਆਤਮ ਤੀਰਥਿ
ਕਰੇ ਨਿਵਾਸੁ॥ ਸਤਿ ਗੁਰੂ ਨੋ ਪੁਛ ਕੈਬਹਿ
ਰਹੈ ਕਰੇ ਨਿਵਾਸੁ॥ ਸਚੁ ਸਭਨਾ ਹੋਇ
ਦਾਰੂ ਪਾਪਿ ਕਢੈ ਧੋਇ॥ ਨਾਨਕ ਵਖਾਣੈ
ਬੇਨਤੀ ਜਿਨਿ ਸਚੁ ਪਲੈ ਹੋਇ॥

## ਚੌਪਈ—

ਕਹਾ ਗੁਰੂ ਤਾਂ ਪ੍ਰਤਿ ਐਸ ਬੈਨਾ। ਜਾਂਕੋ ਰੰਚ ਕਿਸੂ ਕਾ ਭੈ ਨਾ
ਬਾਤਨ ਸਾਥ ਸਾਚ ਨਹਿ ਕਹੀਏ।ਰਿਦੈ ਸਾਚ ਸਾਚੋ ਸੋਈਪਈਏ
ਕੂੜ ਕਪਟਕੀ ਤਨਮਲ ਜੋਈ।ਧੋਇ ਕਰੇ ਨਿਰਮਲ ਅਤ ਸੋਈ
ਸਾਚ ਸਾਥ ਜਬ ਰਹੇ ਸਨੇਹਾ । ਸਾਚੋ ਪੁਰਖ ਪਛਾਨੋ ਵੇਹਾ
ਹਰਖੇ ਮਨ ਅਕਾਲਯਸ ਸੁਨਕੈ ਲਹਾਮੋਖ ਤਹਿਗੁਰਬਚਗੁਣਕੈ
ਜੁਕਤ ਜੀਵ ਜਗ ਜਾਨੈਂ ਜੋਈ । ਜੋਗੀ ਸਿੱਧ ਪਛਾਨੋ ਸੋਈ
ਤਨ ਧਰ[illegible]ਸਾਧਨ ਸੋਧਾਧੇ।ਅਕਾਲ ਗਜਾਣ ਮਧ ਬੀਜ ਅਗਾਧੇ
ਜੋ ਜਨ ਬੋਵੇ ਸਾਚਾ ਸੋਈ। ਸਾਚੀ ਸੀਖ ਧਰੇ ਸਚ ਹੋਈ
ਦਇਆ ਸਕਲ ਜੀਵਨ[illegible]ਰਪਾਲੇ।ਯਥਾ ਸ਼ਕਤਦੇ ਦਾਨਨਿਹਾਲੇ

Digitized by Panjab Digital Library | www.panjabdigilib.org

ਆਤਮ ਤੀਰਥ ਕਰੇ ਨਿਵਾਸਾ। ਕਹੇ ਸਾਚ ਪਰ ਜਹ ਵਿਸਵਾਸਾ
ਸਾਚ ਸਬਨ ਕੋ ਔਖਧ ਨੀਕੀ। ਪਾਪ ਮੈਲ ਕਟ ਡਾਰੇ ਜੀ ਕੀ
ਤਾਂਤੇ ਧੰਨ ਪੁਰਖ ਵਹੁ ਹਈਏ। ਪੱਲੈ ਸਾਚ ਜਾਹਿ ਕੈ ਪਈਏ
ਤਾਂਤੇ ਸਿੱਧ ਸੁਨੇ ਮਨ ਲਾਈ। ਸਾਚਾ ਹੋਵਤ ਸਾਚ ਕਮਾਈ
ਬਾਤਨ ਤੇ ਸਾਚਾ ਨਹ ਹੋਈ। ਲੋਕ ਪਰਲੋਕ ਵਿਖੇ ਜਨ ਕੋਈ
ਬੋਲੋ ਬਹੁਰ ਸਿੱਧ ਰਿਸ ਖਾਈ.ਜਬ ਗੁਰ ਜੂ ਅਸਗੀਤ ਸੁਨਾਈ
ਲਗੇਕਹਨ ਬਿਨ ਜੋਗਪਰਾਨੀ।ਅਹੇਅਧਮ ਮੂਰਖ ਅਗਿਆਨੀ
ਜੈਸੇ ਕੂਕਰ ਪਸੂਅਨਮਾਂਹੀ। ਪੁਰਖਨ ਮਹਿ ਅੰਤਜ ਲਖਤਾਂਹੀ
ਬੀਚ ਅਹਾਰ ਜਿਵੇਂ ਮੁਰਦਾਰ। ਪਰਲ ਪੰਚਮ ਪੁਰਖ ਚੰਡਾਲ
ਜੈਸੇ ਏ ਅਤ ਨੀਚ ਕਹਾਵੈਂ। ਤੈਸੇ ਹਮ ਤਿਸ ਪੁਰਖ ਲਖਾਵੈਂ
ਤਾਂਤੇ ਹਮਰੇਮਤਮਹਿਆਵੋ। ਅਪਨੀ ਮਨ ਮਤ ਸਗਲ ਹਟਾਵ
ਸਗਲੇ ਰਸਭੋਗੋਨਿਰਸੰਕਾ। ਦਰਗਹਮਹਿ ਦੁਖ ਮਿਲੇ ਨ ਬੰਕਾ
ਨਾਤਰ ਨਰਕ ਘੋਰ ਮਹਿ ਜੈਹੈ। ਜਾਂਤੇ ਬਾਹਰ ਕਬੀ ਨ ਐਹੈ
ਹਸ ਕਰ ਗੁਰ ਯਹ ਸਬਦ ਉਚਾਰਾ ਤਾਂਕੋ ਮਾਨ ਦੂਰ ਕਰਡਾਰਾ

ਲਬ ਕੁਤਾ ਕੂੜ ਚੂਹੜਾ ਠਗਿ ਖਾਧਾ ਮੁਰਦਾਰ॥ ਪਰਨਿੰਦਾ ਪਰਮਲ ਮੁਖ ਸੁਧੀ ਅਗਨ ਕ੍ਰੋਧ ਚੰਡਾਲ॥ ਰਸ ਕਸ ਆਪ ਸਲਾਹਣਾ ਏ ਕਰਮ ਮੇਰੇ ਕਰਤਾਰ॥ ਬਾਬਾ ਬੋਲੀਐ ਪਤ ਹੋਇ॥ ਉਤਮ ਸੇਦਰ ਉਤਮ ਕਹੀਅਹਿ ਨੀਚ ਕਰਮ ਬਹਿਰੋਇ।

Digitized by Panjab Digital Library | www.panjabdigilib.org

ਰਸ ਸੁਇਨਾ ਰਸੁ ਰੁਪਾ ਕਾਮਣਿ ਰਸੁ ਪਰਮਲ ਕੀ ਵਾਸੁ ॥ ਰਸੁ ਘੋੜੇ ਰਸੁ ਸੇਜਾ ਮੰਦਰਿ ਰਸੁ ਮੀਠਾ ਰਸੁ ਮਾਸੁ ॥ ਏਤੇ ਰਸ ਸਰੀਰ ਕੇ ਕੈ ਘਟਿ ਨਾਮੁ ਨਿਵਾਸੁ ॥ ੨ ॥ ਜਿਤੁ ਬੋਲਿਐ ਪਤਿ ਪਾਈਐ ਸੋ ਬੋਲਿਆ ਪਰਵਾਣੁ ॥ ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥ ਜੋ ਤਿਸੁ ਭਾਵੈ ਸੇ ਭਲੇ ਹੋਰ ਕਿ ਕਹਣ ਵਖਾਣ ॥ ਤਿਨ ਮਤਿ ਤਿਨ ਪਤਿ ਤਿਨ ਧਨੁ ਪਲੈ ਜਿਨ ਹਿਰਦੇ ਰਹਿਆ ਸਮਾਇ ॥ ਤਿਨ ਕਾ ਕਿਆ ਸਾਲਾਹਣਾ ਅਵਰ ਸੁਆਲਿਉ ਕਾਇ ॥ ਨਾਨਕ ਨਦਰੀ ਬਾਹਰੇ ਰਾਚਹਿ ਦਾਨ ਨ ਨਾਇ ॥

ਚੌਪਈ—

ਕਹਾ ਗੁਰੂ ਸੋ ਜੋਗੀਸਾਚੋ । ਅਕਾਲਪੁਰਖ ਮਹਿ ਜਹ ਮਨ ਰਾਚੋ
ਕਾਨ ਛੇਦ ਮੁੰਦ੍ਰਾਂ ਕੋ ਪਾਏ । ਆਸਨ ਲਾਇ ਸਮਾਧ ਲਗਾਏ
ਪੌਨ ਸੀਸ ਮਹਿ ਧਾਰਨ ਜੋਈ । ਚੀਟੀ ਜੋਗ ਕਹਾਵੈ ਸੋਈ
ਤਾਂਕੋ ਧੀਰ ਚਹਤ ਨਹਿ ਕੋਊ । ਪਰਮਾਤਮ ਕੋ ਪਜਾਰੋ ਜੋਊ

Digitized by Panjab Digital Library | www.panjabdigilib.org

ਯਹ ਕੂਕਰ ਤੇ ਅਹੇ ਪੁਨੀਤਾ। ਚੋਰਨ ਸੋ ਲਰਤੇ ਹੈਂ ਨੀਤਾ
ਲੋਭੀ ਪੁਰਖ ਲਭ ਵਸ ਜੋਈ। ਨਾਨਾ ਪਾਪ ਕਰਤ ਹੈ ਸੋਈ
ਹਮਰੇ ਮਤ ਕੁੱਤਾ ਕਹਲਾਵੇ। ਦਰਬ ਹੇਤ ਜੋ ਮਨ ਭਟਕਾਵੇ
ਝੂਠ ਬੋਲ ਜੋ ਕਾਰਜ ਸਾਧੇ। ਸੋ ਚੂੜ੍ਹਾ ਜਾਨੋ ਬਲ ਵਧੇ
ਠਗ ਖਾਨਾ ਮੁਰਦਾਰਕਹਾਵੇ। ਪਰਨਿੰਦਜਾਪਰ ਮਲ ਮੁਖ ਖਾਵੇ
ਕ੍ਰੋਧ ਅਗਨ ਜਾਂਹਿਰਦੇਮਾਂਹੀ। ਤਾਂ ਸਮਔਰ ਚੰਡਾਲ਼ ਸੁ ਨਾਹੀਂ
ਹੇ ਮੇਰੇ ਕਰਤਾਰ ਸੁਆਮੀ। ਜਿਨ ਇਹ ਕਰਤਬ ਅੰਤਰ ਜਾਮੀ
ਹੇ ਬਾਬਾ ਬੋਲੇ ਪਤ ਹੋਈ। ਬੁਰਾ ਬੋਲ ਪਤ ਆਪ ਬਿਗੋਈ
ਉਤਮ ਸੋ ਜਨ ਜਗਤ ਕਹਾਵੈ। ਜੋ ਉਤਮਤਿਹ ਦੁਆਰ ਰਹਾਵੈ
ਨੀਚ ਕਰਮ ਕਰ ਨੀਚਾ ਹੋਵੈ। ਅੰਤ ਕਾਲ ਪਤ ਖੋਵਤ ਰੋਵੈ
ਸੁਇਨਾ ਰੁਪਾ ਨਾਰ ਸੁਗੰਧੀ। ਘੋੜੇ ਸੇਜ ਧਾਮ ਸਨਬੰਧੀ
ਮੀਠਾ ਮਾਸ ਆਦਿ ਰਸ ਦੇਹੀ। ਇਨ ਤੇ ਨਹ ਸਿੱਧੀ ਨਰਲੇਹੀ
ਪਰਮਾਤਮ ਰਸ ਸਭ ਤੇ ਮੀਠਾ ਤਾਂਕੋ ਭੂੰਚ ਸੰਤ ਜਨ ਡੀਠਾ
ਸੋ ਬੋਲਨ ਸ਼ੁਭ ਜਗ ਯਸਗਾਵੈ। ਜਾ ਬੋਲਨਤੇਪਤਿ ਪ੍ਰਗਟਾਵੈ
ਨਾਤਰ ਮਨ ਮੂਰਖ ਬਕ ਉਚੈ। ਫਿੱਕਾ ਬੋਲਤ ਬੋਲ ਵਿਗੂਚੈ
ਆਪੇ ਭਲਾ ਸਰਬ ਕਹ ਲਾਵੈ। ਸੋਇ ਭਲਾ ਜੋ ਤਿਸਕੋ ਭਾਵੈ
ਵਹੀ ਪੁਰਖਮਤਿ ਮਾਨਪਛਾਨੋ। ਧਨਧਨਵੰਤ ਵਹੀ ਜਗ ਜਾਨੋ
ਤਿਨਕ ਹੀ ਪਤਜਗਤਰਹਾਈ। ਰਿਦੇਨਾਮਜਿਨਵਸਿਆ ਆਈ
ਪੁਨ ਤਿਨਕੀ ਕੋ ਕੀਰਤ ਗਾਵੈ। ਜਿਨਕੇ ਹਿਰਦੇ ਨਾਮ ਸਮਾਵੈ
ਜ ਤਿਸ ਨਦਰ ਵਿਹੂਣੇ ਲੋਗਾ। ਰਾਚਹਿ ਨਾਮ ਦਾਨ ਨਹਿਜੋਗਾ
ਤਾਂਤੇ ਹਰ ਚਰਨੀ ਮਨ ਲਾਵੇ। ਆਨ ਯਤਨ ਮਨ ਤੇ ਵਿਸਰਾਵੇ
ਜਬ ਗੁਰ ਕਥਨ ਐਸ ਬਿਧ ਕੀਨਾ।ਸਿੱਧਧਿਾਂਤਨਿਰੁੱਤਰਚੀਨਾ
ਪੁਨ ਬੋਲੇ ਯੋਗੀ ਗੁਰ ਤਾਂਈ।ਰਹੇ ਗ੍ਰਿਸਤ ਕਿ ਬਨ ਵਿਚਰਾਈ

Digitized by Panjab Digital Library | www.panjabdigilib.org

ਜਾਤੇ ਜੋਗੀ ਘਰ ਕੋ ਤਜਾਗੈ।ਗ੍ਰਿਹ ਮਹਿਅਧਕ ਖੇਦ ਮਹਿ ਪਾਗੈ
ਜੇਕਰ ਤੁਹਿ ਘਰ ਵਾਸ ਕਰੈ ਹੈ।ਕਹੋ ਬ੍ਰਿੱਤ ਬਿਰਤਾ ਕਬ ਪੋ ਹੈ
ਪੁਨ ਜੇਕਰ ਬਨਬਾਸਹ ਧਾਰੋ। ਤੌ ਤੁਮ ਲੀਨੋ ਮਤਹ ਹਮਾਰੋ
ਤਾਂਤੇ ਕਹੁ ਸਿਧਾਂਤ ਨਿਜ ਕੇਰਾ। ਜਾਂਤੇ ਲਖੇਂ ਭੇਦ ਹਮ ਤੇਰਾ
ਸੁਨ ਬੋਲੇ ਗੁਰ ਸਿੱਧਨ ਤਾਂਈ। ਸਬਦ ਪੁਨੀਤ ਨੀਤ ਸੁਖਦਾਈ

ਗ੍ਰਿਹਿ ਬਨਿ ਸਮਸਰਿ ਸਹਜਿ ਸੁਭਾਇ॥
ਦੁਰਮਤਿ ਗਤੁ ਭਈ ਕੀਰਤਿ ਠਾਇ॥
ਸਚੁ ਪਉੜੀ ਸਚੁ ਮੁਖਿ ਨਾਉ॥ ਸਤਿਗੁਰ
ਸੇਵ ਪਾਇ ਨਿਜ ਥਾਓ ॥ ੧ ॥ ਮਨ
ਚੂਰੇ ਖਟ ਦਰਸਨੁ ਜਾਨੁ॥ ਸਰਬ ਜੋਤਿ
ਪੂਰਨਿ ਭਗਵਾਨੁ ॥

## ਚੋਪਈ—

ਯਾ ਮੈ ਸਕਲ ਸੰਕ ਤਿਨ ਕੇਰੀ। ਦੂਰ ਕਰੀ ਪ੍ਰਭ ਜੂ ਇਕਵੇਰੀ
ਅਕਾਲ ਪੁਰਖਕੇ ਜੋਹਿਤਕਾਰੀ। ਤਿਨਕੋਘਰ ਬਨਸਮਸਰ ਧਾਰੀ
ਸਹਿਜਪ੍ਰੀਤਜੋਹੋਇਸੁਹੁਇਹੈ। ਯਤਨਕਰਨਪਰਤੋਨਹਿ ਕਇਹੈ
ਯਾਕੋ ਹੇਤ ਜਹੀਪਹਿਚਾਨਾ। ਦੁਰਮਤਿਤਿਨਕੀਹੋਇ ਗਈ ਹਾਨਾ
ਜਹਾਂ ਰਹੇ ਤਹ ਕੀਰਤ ਪਾਵੇ। ਸੰਸਾਰਦੋਖ ਤਿਨ ਨਾਂਹਿ ਦੁਖਾਵੇ
ਅਕਾਲਪੁਰਖਕੇਦਰਕੀ ਪੌੜੀ। ਤਾਹਿਅਰਾਧਨ ਨਹਿ ਕੁਛ ਥੌੜੀ
ਜਾਕੇ ਪੂਜਨਨਿਜਘਰਪਾਏ। ਜਨਮਮਰਨਦੁਖ ਬੀਚ ਨ ਆਏ
ਮਨ ਨਿਗ੍ਰਹਖਟਦਰਸਨਪਾਠਾ। ਯਾ ਬਿਨ ਪਠਨ ਪੜ੍ਹਾਨੋਠਾਠਾ

Digitized by Panjab Digital Library | www.panjabdigilib.org

ਸਰਬ ਠੌਰ ਤਿਹ ਜੋਤ ਸੁਹਾਈ। ਜੋ ਘਰ ਨਾਂਹਿ ਬਨੇ ਤੋ ਜਾਈ
ਤਾਂਤੇ ਇਨ ਘਰ ਤੁੱਲ ਹਮਾਰੇ। ਨਯੂਨ ਅਧਕੁ ਤਾ ਭਾਸਤ ਧਾਰੇ
ਸੁਨਤ ਸਿੱਧ ਮਨ ਮਹਿਘਬਰਾਏ। ਕਹਤ ਕਲੂਕੇਲੱਖਨ ਆਏ
ਹਮ ਸਿੱਧਨਕੋਕਰਹੈਂਹਾਸਾ। ਘਰਇਨ ਸਮਸਰ ਕਹਤ ਪ੍ਰਕਾਸਾ
ਜਬ ਕਲਜੁਗ ਲੱਖ ਯਹ ਸੁਨਿਓ ਬੋਲੇ ਗੁਰੂ ਨਾਥ ਜੂ ਗੁਨਿਓ

**ਜੇ ਕੋ ਸਤੁ ਕਰੈ ਸੋ ਸੀਜੈ ਤਪੀ ਘਰ ਤਪੁ ਨ ਹੋਇ॥ ਜੇਕੋ ਨਾਉ ਲਏ ਬਦਨਾਵੀ ਕਲ ਕੇ ਲਖਣ ਏਈ॥**

## ਚੌਪਈ:—

ਕਲਯੁਗ ਲੱਖਨਸੁਨੇਇਨਾਥਾ। ਮਿਥਯਾਸਗਲ ਤੁਮਾਰੀ ਗਾਥਾ
ਸੱਤ ਕਲੂ ਕੇ ਲੱਖਨ ਭਾਖੋਂ। ਤੁਮਰੇ ਮਨ ਕੋ ਸੰਸਾ ਨਾਖੋਂ
ਸਤੀ ਪੁਰਖ ਕੋਸਤਹੋਇਭੰਗਾ। ਤਪੀਅਨ ਤੇਤਪਗਇਓ ਨਸੰਗਾ
ਜੋ ਅਕਾਲ ਕੋ ਸੇਵਨ ਕਰਹੀ। ਬੁਰਾ ਬੁਰਾ ਤਿਸਜਗਤਉਚਰਹੀ
ਦੰਭ ਪਖੰਡ ਕਰੈ ਨਰ ਜੋਈ। ਬਨੇ ਮਹਾਤਮ ਜਗ ਮਹਿ ਸੋਈ
ਯਹ ਕਲ ਯੁਗ ਕੀ ਅਹੇਨਸ਼ਾਨੀ। ਜੋ ਮੈਂਤੁਮਰੇ ਹੇਤ ਬਖਾਨੀ
ਸੁਨਤ ਨਾਥ ਅਤ ਗਦਗਦ ਭਏ। ਮਨਕੇ ਵਾਦਭੂਲ ਸਭ ਗਏ
ਕਹੀ ਸੱਤ ਨਾਨਕ ਜੂ ਸਾਖੀ। ਜੋ ਤੁਝ ਬਾਤ ਮੋਹਿ ਪ੍ਰਤ ਭਾਖੀ
ਕਰੀ ਆਇਸਭ ਤੁਰਤਅਦੇਸਾ ਧੰਨਜਧੰਨਜ ਜਗ ਜਨਮ ਨਰੇਸ
ਤਹ ਤੇ ਬਿਦਾ ਭਏ ਤਤਕਾਲਾ। ਮੱਕੇ ਓਰ ਚਰਨ ਨਿਜ ਡਾਲਾ
ਸੁਨੋ ਤਹਾਂ ਕੀ ਰੁਚਕ ਕਹਾਨੀ ਗੁਰ ਨਾਨਕ ਜੂ ਜੈਸਬਖਾਨੀ

Digitized by Panjab Digital Library | www.panjabdigilib.org

# ਮਕੇ ਦੇ ਕਾਜ਼ੀ ਪ੍ਰਬੋਧ

## ਦੋਹਰਾ

ਹਿੰਦੁਸਤਾਨ ਕੇ ਲੋਗ ਜੋ ਹਾਜੀ ਮੁੱਸਲਮਾਨ ॥
ਹੱਜ ਕਰਨ ਕੋ ਜਾਤ ਥੇ ਮੱਕੇ ਓਰ ਮਹਾਨ ॥

## ਚੌਪਈ –

ਜਬ ਗੁਰਜੂ ਤਿਨ ਓਰ ਨਿਹਾਰਾ। ਮਰਦਾਨੇ ਪ੍ਰਤਿ ਐਸ ਉਚਾਰਾ
ਚਲ ਮਰਦਾਨਾ ਭ੍ਰਾਇ ਪਜਾਰੇਂ। ਮੱਕੇ ਕੇ ਅਬ ਕਰੋ ਤਿਆਰੇ
ਤਿਨਕੇ ਸੰਗ ਮਿਲ ਗੁਰਦੇਵਾ। ਕੋਇ ਨ ਜਾਨਸ ਤਿਨਕੋ ਭੇਵਾ
ਗਲ ਚੋਲਾ ਸਿਰ ਕੁਲਾ ਸੁਹਾਈ। ਆਸਾ ਬਅਧਕਛਬਛਾਈ
ਸਨੇ ਸਨੇ ਮੱਕੇ ਮਹਿ ਆਇ। ਦੇਖੀ ਸਗਲ ਤਹਾਂ ਕੀ ਜਾਇ
ਚਾਰ ਓਰ ਕੇ ਮੁੱਸਲਮਾਨਾ। ਆਇ ਹੱਜ ਕਰਨ ਤਹਿ ਠਾਨਾ
ਬੈਤੁੱਲਾ ਕੋ ਦਰਸਨ ਪਾਇ। ਸਜਦਾ ਕਰਤੇ ਸੀਸ ਝੁਕਾਇ
ਸੰਗ ਸਬਦਦੂੰਬਤ ਸਹਿਪ੍ਰੀਤੀ। ਦੇਖੀ ਗੁਰੂ ਸਕਲ ਤਿਨ ਰੀਤੀ
ਸਾਰਾ ਦਿਵਸ ਹਾਲ ਯਹ ਦੇਖਾ। ਸੰਧਜ ਸਮੇਂ ਚਰਤ ਕਰ ਲੇਖਾ
ਰੈਨ ਸਮਯ ਜਬ ਸਭ ਜਨ ਸੋਏ। ਤਬ ਗੁਰ ਜੀ ਸੁਖਆਸਨ ਹੋਏ
ਗੁਰ ਪਦ ਕਾਬੇ ਓਰ ਪਸਾਰੇ। ਸੋਇ ਰਹੇ ਨਹਿ ਕਿਨੇ ਨਿਹਾਰੇ
ਸਾਰੀ ਰਾਤ ਗੁਜਰ ਅਸ ਗਈ। ਦਿਨ ਕੀ ਤਬ ਤੱਯਾਰੀ ਭਈ

Digitized by Panjab Digital Library | www.panjabdigilib.org

ਪ੍ਰਾਤ ਮਜਾਵਰ ਜਾਗੇ ਸਾਰੇ। ਕਾਬੇ ਗਿਰਦ ਫਿਰਤ ਜਿਮ ਡਾਰੇ
ਜੋ ਆਗੇ ਤਿਨ ਮਹਿ ਥੋ ਕਾਜੀ। ਦੇਖਤ ਪਰ ਭਇਓਮਨਲਾਜੀ
ਕਹਾ ਕੌਣ ਤੂੰ ਕਾਫ਼ਰ ਆਯੋ। ਕਾਬੇ ਕੋ ਜਿਨ ਪੈਰ ਫਲਾਯੋ
ਦੇਖ ਖ਼ੁਦਾ ਕੇ ਘਰ ਕੀ ਓਰਾ। ਕਰਾ ਅਦਬ ਨਹਿ ਤੈਂ ਮਨਭੋਰਾ
ਜਬ ਤਿਨ ਸ਼ੋਰ ਮਚਾਯੋ ਭਾਰੀ। ਆਇ ਜੁਰੀ ਖ਼ਲਕਤਤਬਸਾਰੀ
ਦੇਖ ਦੇਖ ਸਭ ਮਨ ਮਹਿ ਕੋਪੇ। ਦੇਖੋ ਪੈਰ ਕਿਧਰ ਇਨ ਰੋਪੇ
ਖ਼ੌਫ਼ ਖ਼ੁਦਾ ਕੇ ਘਰ ਕਾ ਡਾਰਾ। ਨਬੀ ਹੁਕਮ ਡਰਮਨੋਂਵਿਸਾਰਾ
ਦੇਸ ਦਸ ਤੇ ਮੋਮਨ ਆਵੈਂ। ਸਜਦਾ ਕਰਕੇ ਸੀਸ ਝੁਕਾਵੈਂ
ਹੱਜ ਕਰੇਂ ਨਿਜਹਨੇਂ ਗੁਨਾਹਾ। ਪਰ ਇਸ ਤੋਰਜੋਉਲਟਾਰਾਹਾ
ਐਸੇ ਖੜੇ ਵਿਚਾਰਾਂ ਕਰ ਹੀ। ਗੁਰ ਸਏਕੁਛਮਨ ਨਹਿਧਰਹੀ
ਜਦ ਤਿਨ ਦੇਖਾ ਜਾਗਤ ਨਾਂਹੀ। ਆਯੋ ਕ੍ਰੋਧ ਏਕ ਮਨ ਮਾਂਹੀ
ਪਕੜ ਪੈਰ ਦੋਨੋਂ ਕਰ ਜੋਰਾ। ਕਰੇ ਗੁਰੂ ਕੇ ਦੂਸਰ ਓਰਾ
ਬਹੁਰ ਕਹਾ ਹੇ ਕਾਫ਼ਰ ਬੋਲੋ। ਕੌਨ ਅਹੇ ਤੂੰ ਪੜਦਾ ਖੋਲੋ
ਸੁਨ ਗੁਰ ਨਾਨਕ ਏਲੇਭਾਈ। ਕਿਉਂਤੁਮਇਤਨੀਧੂਮਮਚਾਈ
ਮੈਂ ਤੁਮਰਾ ਕੁਛ ਨਹੀਂ ਬਿਗਾਰਾ। ਬ੍ਰਿਥਾ ਕਰਤਹੋ ਕਾਹੇਰਾਰਾ
ਤਬ ਤਿਨ ਕਹਾ ਪੈਰ ਜੋ ਤੇਰੇ। ਅੱਲਾ ਕੇ ਘਰ ਓਰ ਸੁਹੇਰ
ਕਜਾ ਤਝ ਖ਼ੌਫ ਖ਼ੁਦਾ ਕਾ ਨਾਂਹੀ। ਦੇਹ ਜੁਬਾਬ ਸੋਚਮਨ ਮਾਂਹੀ
ਗੁਰੂ ਕਹਾ ਅੱਲਾ ਘਰ ਜਈ। ਕਹਾਂ ਅਹੇ ਦਖਲਾਵੋ ਸੋਈ
ਤਬ ਤਿਨ ਕਾਬੇ ਕੋ ਹਥ ਲਾਯਾ। ਯਹ ਹੈ ਦੇਖ ਆਖਸਮਝਾਯਾ
ਪੂਛਾ ਗੁਰੂ ਖ਼ੁਦਾ ਕਹ ਰਹਤਾ। ਕਹਾ ਤਿਨੋਂ ਸਭਜਾਜਗਕਹਤਾ
ਕਹਾ ਗੁਰੂ ਪੂਰਬ ਮੈ ਹਈਏ। ਕਾਜੀ ਕਹਾ ਸਗਲ ਮਹਿਮਈਏ
ਕਹਾਗੁਰੂ ਉੱਤਰਅਰ ਦੱਖਨ। ਅਹੇਖ਼ੁਦਾਇਕਿਨਹੀਂਵਿਚਛਨ
ਕਹਾ ਤਿਨੋਂ ਸਭ ਜਾ ਹੈ ਸੋਈ।ਤਿਸਤੇ ਬਿਨਾ ਥਾਉ ਨਹਿ ਕੋਈ

Digitized by Panjab Digital Library | www.panjabdigilib.org

ਕਹਾ ਗੁਰੂ ਹਮਕੋ ਸਮਝਾਓ। ਨਹੀਂ ਖ਼ੁਦਾ ਸੋ ਥਾਉ ਬਤਾਓ
ਬੋਲੇ ਯਮਨ ਕਹਾ ਵਹੁ ਨਾਹੀਂ ਵਹੁ ਬਸਤਾ ਹੈ ਹਰ ਰੰਗਮਾਹੀਂ
ਤੌ ਹਸਕਰ ਗੁਰ ਨਿਪ੍ਰਤ ਭਾਖਾ ਜੇ ਖ਼ੁਦਾ ਇਸਭ ਜਾਮਹਿ ਆਖਾ
ਤੌ ਸਾਰੋ ਤਿਸਕੋ ਘਰ ਹਈਏ। ਕਿਤ ਵਲ ਪਾਉ ਪਸਾਰਨ ਚਹੀਏ
ਜਹਾਂ ਖ਼ੁਦਾ ਨਹ ਰਹਿਤਾ ਭਾਈ। ਸੋ ਜਾਗਾ ਹਮ ਦੇਹੁ ਦਖਾਈ
ਤਹਾਂ ਪਸਾਰ ਪੈਰ ਮੈਂ ਸੋਊਂ। ਤੁਮਕੋ ਨਹਿ ਦੁਖਦਾਈ ਹੋਊਂ
ਯਹ ਕੋਠਾ ਤੋ ਛੋਟਾ ਹਈਏ। ਕੈਸੇ ਖ਼ਾਲਕ ਕੋ ਘਰ ਕਹੀਏ
ਤਾਕੋ ਘਰ ਹੈ ਸਕਲ ਜਹਾਨਾ। ਊਚ ਨੀਚ ਮਹਿ ਏਕ ਸਮਾਨਾ
ਜਬ ਉਪਦੇਸ ਸੁਨਾ ਤਿਨ ਐਸਾ। ਮਹਾਂ ਪੁਰਖਕਾ ਚਹੀਏ ਜੈਸਾ
ਭਏ ਅਚੰਭਾ ਬੋਲਤ ਨਾਂਹੀ। ਸੋਚਤ ਸਗਲ ਮਨ ਮਨ ਮਾਂਹੀ
ਲਖਾ ਤਿਨੋਂ ਯਹ ਵਲੀ ਫਕੀਰਾ। ਦੇਖਨ ਕੋ ਆਯੋ ਵਰਤੀਰਾ
ਫਿਰ ਬੋਲੇ ਤੁਮ ਸੁਨੋ ਗੁਸਾਈ। ਹਮਕੋ ਕਹੋ ਠੀਕ ਸਮਝਾਈ
ਤੁਮ ਹਿੰਦੂ ਕੈ ਮੁਸਲਮਾਨਾ। ਦੀਨ ਕਹੋ ਹਮ ਨਹੀਂ ਪਛਾਨਾ
ਜਬ ਗੁਰਜੂ ਯਹ ਬਚਨ ਸੁਨ ਪਾਯੋ। ਤਬ ਤਾਂ ਪ੍ਰਤ ਯਹ ਬਚਨ ਅਲਾਯੋ

**ਹਿੰਦੂ ਕਹਾਂ ਤ ਮਾਰੀਏ ਮੁਸਲਮਾਨ ਭੀ ਨਾਹਿ। ਪੰਜ ਤਤ ਕਾ ਪੁਤਲਾ ਖੇਲੇ ਗੈਬੀ ਮਾਂਹਿ ॥**

## ਚੌਪਈ--

ਯਾ ਮੈ ਰੂਢ ਭਾਵ ਯਹ ਹਈਏ। ਜਾਂ ਕਰਤਾਕੋ ਸਮਝ ਨ ਪਈਏ
ਹੇ ਭਾਈ ਮੈਂ ਜੇ ਤੁਝ ਤਾਈ। ਹਿੰਦੂ ਕਹੋਂ ਤ ਕਰਹੋ ਲੜਾਈ
ਮੁਸਲਮਾਂਨ ਮੈਂ ਨਹੀਂ ਪਿਆਰੇ। ਜਾਕਰ ਕਲਮਾ ਨਹੀਂ ਉਤਾਰੇ

Digitized by Panjab Digital Library | www.panjabdigilib.org

ਤਾਂਤੇ ਮੇਰੋ ਤਨ ਹੈ ਜੋਈ। ਪਾਂਚ ਤੱਤ ਕੋ ਬਨਯੋ ਸੋਈ
ਜੋ ਤੱਤਨ ਕੀ ਜਾਤ ਬਨਾਵੈ। ਸੋਈ ਜਾਤ ਹਮਾਰੀ ਪਾਵੈ
ਇਨਕੀ ਜਾਤ ਨ ਜੇਕਰਹਈਏ। ਤੌਮੇਰੀਭੀਜਾਤੀਕਿਉਂਕਹੀਏ
ਪਰਮੇਸ੍ਵਰ ਕੀ ਆਗਿਆ ਪਾਈ। ਆਇ ਗਏ ਹਮਧਰਨੀਭਾਈ
ਤਿਸਹੀਕੀਆਗਿਆਮਹਿਫਿਰਹੈਂ।ਤਿਸੀਹੁਕਮ ਕੇਅੰਦਰਫਿਰਹੈਂ
ਹਿੰਦ ਮੁਸਲਮਾਂ ਮਤ ਹੈਂ ਤੇਰੇ। ਦੋਨੋਂ ਅਹੇ ਬਨਾਵਟ ਮੇਰੇ
ਜਬ ਗੁਰ ਐਸੇ ਬਚਨ ਉਚਾਰੇ। ਸਜਦਾ ਕਰਨਲਗੇਤਬਸਾਰੇ
ਕਹਤ ਖੁਦਾ ਕਾ ਹੈ ਕੋ ਪਜਾਰਾ। ਮਜਹਬ ਕੀਫਾਸਨਤੇ ਨਜਾਰਾ
ਕਰ ਉਪਦੇਸ ਕਹਾ ਕਰਤਾਰਾ। ਕਰਾ ਹਿੰਦ ਕੋ ਛੁਟਕਾਰਾ

—o—

## ਜਗਤ ਉਤਪਤ ਪ੍ਰਬੰਧ

### ਦੋਹਿਰਾ—

**ਜਗ ਉਤਪਤ ਪਰਸੰਗ ਮਹਿ ਨਾਨਾ ਅਹੇ ਵਿਵਾਦ।**
**ਅਪਨੀਅਪਨੀਬੁਧਿਜਥਸਕਲ ਕਰਤ ਅਨਵਾਦ।**

### ਚੌਪਈ—

ਏਕ ਸਾਥ ਨਹਿ ਮਿਲਤੇ ਏਕਾ। ਭਿੰਨ ਭਿੰਨਸਭਕਰਤਬਿਬੇਕਾ
ਵੇਦ ਪੁਰਾਨ ਸਾਸਤਰ ਜੇਤੇ। ਭਿੰਨ ਭਿੰਨ ਭਾਖਤ ਹੈਂ ਤੇਤੇ

Digitized by Panjab Digital Library | www.panjabdigilib.org

ਤਿਨਕੇ ਮਤ ਕੋ ਜੋ ਉਰਧਰ ਹੈ। ਸੋ ਗੋਰਖ ਧੰਧੇ ਮਹਿ ਪਰ ਹੈ
ਏਕ ਏਕ ਤੇ ਏਕ ਸਿਆਨਾ। ਕਰਤ ਰਹਾ ਹੈ ਯਹ ਬਖਿਆਨਾ
ਪਰ ਸਭ ਅੰਤ ਕਾਲ ਗਿਰ ਗਏ। ਅਕਾਲਪੁਰਖਕੋਭੇਦਨਲਏ
ਜਿਨ ਮਹਿ ਤੇ ਕੁਛ ਕਹੂੰਉਚਾਰਾ। ਭਾਖਸਕਲ ਕੇ ਕਛੁਪ੍ਰਕਾਰਾ
ਵੇਦ ਵਿਖੇ ਸੁਰਤੀ ਯਹ ਕਹੇ। ਜਗਤ ਉਤਪਤੀ ਜਾ ਮਹਿ ਅਹੇ
ਪ੍ਰਮੇਸੂਰ ਤੇ ਭਈ ਪ੍ਰਕਿਰਤੀ। ਅਕਾਸ ਤਾਹਿ ਤੇ ਲੀਨੀ ਬਿਰਤੀ
ਤਾਂ ਤੇ ਵਾਯੁ ਅਗਨ ਜਲ ਧਰਤੀ। ਪਾਛੇ ਔਛਦ ਸੇਵਹੁ ਭਰਤੀ
ਔਖਧ ਖਾਇ ਬੀਜ ਹੁਇ ਆਵੈ। ਤਾਂਤੇ ਨਰ ਤਨ ਕੋ ਉਪਜਾਵੈ
ਯਾਹ ਪ੍ਰਕਾਰ ਕਹਾ ਤਿਨਸਾਰਾ। ਗੋਪ ਮਤੋਕਹ ਪ੍ਰਗਟ ਉਚਾਰਾ
ਪੁਨ ਪੁਰਾਨਮਹਿਯਾ ਵਿਧਗਾਯੋ। ਪ੍ਰਥਮੇ ਬ੍ਰਹਮਾ ਈਸ ਉਪਾਯੋ
ਖੀਰ ਸਿੰਧ ਮਹਿ ਵਿਸ਼ਨੁ ਬਿਰਾਜੇ। ਤਾਕੀ ਨਾਭ ਕਵਲਛਬਛਾਜੇ
ਤਾਂਤੇ ਉਤਪਤ ਬ੍ਰਹਮਾ ਭਏ। ਸਗਲ ਜਗਤ ਜਾਨੇ ਨਿਰਮਏ
ਨਾਰਦ ਪੰਚ ਰਾਤ੍ਰ ਮਹਿ ਭਾਖਾ। ਜਗ ਪ੍ਰਕਾਰ ਆਨ ਇਵਰਾਖਾ
ਵਾਸਦੇਵ ਜਗ ਸਭ ਉਪਜਾਯੋ। ਰੀਤ ਤਾਹਿ ਨੇ ਯਹ ਸਮਝਾਯੋ
ਵਾਸਦੇਵ ਤੇ ਜੀਵ ਸੰਕਰਖਨ। ਤਾਂਤੇ ਮਨ ਪਰਦੁਮਨਪ੍ਰਹਰਖਨ
ਤਹ ਤੇ ਹੁਇ ਹੰਕਾਰ ਸੁ ਗਜੇ। ਅਨਰੁੱਧ ਨਾਮ ਤਾਕੋ ਜਗਭਜੇ
ਤਾਂਤੇ ਸੋਲਹ ਭਏ ਵਿਕਾਰਾ। ਬਹੁਰ ਪਰਪੰਚ ਉਪਾਯੋ ਸਾਰਾ
ਨਯਾਯਕ ਦਰਸਨ ਕੀ ਮਰਯਾਦਾ। ਔਰਪ੍ਰਕਾਰ ਪਰਮਾਨੁਵਾਦਾ
ਨਮਿੱਤ ਜਗਤਕੋ ਈਸ੍ਵਰ ਹਈਏ। ਉਪਾਦਾਨ ਪਰਮਾਨੁਪਈਏ
ਪਰਮਾਨੂ ਤੱਤਨ ਕੇ ਜੋਈ। ਤਿਨਹ ਮਿਲਾਵਹਿ ਈਸ੍ਵਰ ਸੋਈ
ਵਾਯੂ ਕੇ ਪਰਮਾਨੂ ਜੋਈ। ਵਾਯੂ ਕੋ ਉਪਜਾਵਹਿ ਤੋਈ
ਅਗਨੀ ਕੇ ਅਗਨੀਉਪਜਾਵੈਂ। ਜਲ ਕੇਮਿਲੇਨੀਰਹੁਇਆਵੈਂ
ਅਣਦੁਅਨਕਤ੍ਰੀਅਣਕਮਿਲਾਈ। ਯਹੀ ਸੰਖਿਆ ਵਧਤੀਜਾਈ

Digitized by Panjab Digital Library | www.panjabdigilib.org

ਸਕਲ ਪ੍ਰਪੰਚ ਬਨਤ ਹੈਂ ਤਾਂਤੇ। ਪਰਮਾਣੂ ਰੂਪ ਅਹੇਇਹ ਜਾਂਤੇ
ਮੀਮਾਨਸਾ ਕਰਮਨ ਤੇ ਭਾਖੇ। ਅਪਨੀ ਯੁਕਤ ਔਰ ਵਹੁ ਰਾਖੇ
ਜੀਵ ਅਦ੍ਰਿਸਟਜਗਤਉਪਜਾਵੈ। ਯਾਤੇ ਬਿਨਕਾਰਨ ਨਹਿਗਾਵੈ
ਬੋਧ ਸੁਨ ਤੇ ਜਗਤ ਬਤਾਵੈ। ਤਾਂ ਪਰ ਯੁਕਤੀ ਅਧਕ ਠਹ੍ਰਾਵੈ
ਪ੍ਰਧਾਨ ਜਗਤ ਕੋ ਕਾਰਨ ਏਕਾ। ਸਾਂਖ ਮਤੇ ਕੋ ਯਹੀ ਬਿਬੇਕਾ
ਪ੍ਰਥਮ ਬਨਾਏ ਸੋ ਮਹਿ ਤੱਤਾ। ਤ੍ਰਿਧਾ ਹੰਕਾਰ ਭਈ ਤਹ ਸੱਤਾ
ਬਹੁਰ ਵਿਕਾਰ ਸਕਲ ਉਪਜਾਏ। ਐਸੀਰੀਤ ਜਗਤਠਹਿਰਾਏ
ਪ੍ਰਧਾਨ ਅੰਸ ਸਤ ਗੁਨਮਹਿਆਵੈ। ਪੁਰਖ ਨਾਮਤਾਕੋ ਕਹਲਾਵੈ
ਸੋ ਸਭ ਜਗ ਕੀ ਰਚਨਾਕਰਹੈ। ਪਾਤੰਜਲ ਕਾਰਨਤਹਿ ਧਰਹੈ
ਗਨਪਤ ਮਤ ਕੇ ਮਾਨਨ ਹਾਰੇ। ਤਹਿ ਤੁੰਡੀ ਤੇ ਜਗਤ ਉਚਾਰੇ
ਕਹਤ ਏਕ ਯਹ ਤੱਤ ਸੁਭਾਵਾ। ਸੁਤਹ ਜਗਤ ਯਾਤੇ ਉਪਜਾਵਾ
ਵੇਦਾਂਤ ਮਤੇ ਹੈ ਔਰ ਪ੍ਰਕਾਰਾ। ਸੋ ਮਿਥਿਆ ਭਾਖਤ ਜਗਸਾਰਾ
ਸੁਪਨ ਸ੍ਰਿਸਟ ਜਿਉਂਜੀਵ ਉਪਾਵੈ। ਤੈਸੇਈਸ਼੍ਵਰ ਜਗਉਪਜਾਵੈ
ਬਾਇਬਲਮਾਹਿਔਰ ਬਿਧਗਾਈ। ਜਗਤਉਤਪਤੀਆਖਸੁਨਾਈ
ਛੇ ਦਿਨਮਾਂਹਿ ਖੁਦਾ ਨੇ ਕੀਨੋ। ਬਹੁਰ ਅਰਾਮ ਸਾਤਵੇਂ ਲੀਨੋ
ਤਾਕੋ ਕਰਮ ਯਹਾਂ ਨਹਿ ਭਾਖਾ। ਗ੍ਰੰਥ ਵਧਨ ਤੇਅਲਪ ਸੁਰਾਖਾ
ਕਹੀਕੁਰਾਨਮਾਂਹਿਕੁਨਬਾਨੀ। ਭਇਆਜਗਤਇਸਰੀਤਬਖਾਨੀ
ਅਰਬ ਕੁੰਨ ਕੇ ਹੋ ਜਾ ਹਈਏ। ਕਹਾ ਖੁਦਾਸ੍ਰਿਸਟ ਤਬ ਪਈਏ
ਐਸੇ ਔਰ ਸੁ ਮਤਹ ਅਨੇਕਾ। ਮਿਲਤੋ ਏਕ ਸਾਬ ਨਹਿ ਏਕਾ
ਜਾਤੇ ਏਕ ਮਤੋ ਨਹਿ ਹੋਈ। ਤਾਂਤੇ ਕਲਪਤ ਸਕਲ ਲਖੋਈ
ਇਸ ਪ੍ਰਸੰਗ ਮਾਂਹਿ ਗੁਰ ਦੇਵਾ। ਸਾਚੋ ਸਾਚ ਬਤਾਵੋ ਭੇਵਾ
ਸਭ ਕੇ ਟੰਟੇ ਦੂਰ ਨਿਵਾਰੇ। ਕਈਏ ਮਮੋਖੀ ਸਰਬ ਸੁਖਾਰੇ
ਸਭ ਕੀ ਸੁਨਪਤੁਨਾਨਕਸੁਆਮੀ। ਭਾਖੀਯੁਕਤਮਹਾਂਅਭਰਾਮੀ

Digitized by Panjab Digital Library | www.panjabdigilib.org

ਜਾਂ ਸਮ ਔਰ ਨ ਪਰਬਲ ਕੋਈ। ਦੇਖ ਵਿਚਾਰ ਕਰੇ ਨਰਸਈ
ਕਹਾ ਸਬਦ ਉਤਮ ਇਸ ਹੇਤੁ। ਸੰਸੇ ਸਿੰਧ ਤਾਰਬੇ ਸੇਤੁ

ਸੁਅਸਤਿ ਆਥਿ ਬਾਣੀ ਬਰਮਾਉ। ਸਤਿ ਸੁਹਾਣੁ ਸਦਾ ਮਨਿ ਚਾਉ। ਕਵਣ ਸੁ ਵੇਲਾ ਵਖਤੁ ਕਵਣੁ ਕਵਣੁ ਥਿਤਿ ਕਵਣੁ ਵਾਰ। ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰ। ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ। ਵਖਤ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ। ਥਿਤ ਵਾਰ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ। ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ। ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ। ਨਾਨਕ ਆਖਣਿ ਸਭ ਕੋ ਆਖੈ ਇਕ ਦੂ ਇਕੁ ਸਿਆਣਾ। ਵਡਾ ਸਾਹਿਬ ਵਡੀ ਨਾਈ ਕੀਤਾ ਜਾਕਾ ਹੋਵੈ।

Digitized by Panjab Digital Library | www.panjabdigilib.org

## ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ ॥

### ਚੌਪਈ—

ਯਾਹਿ ਸਬਦਮਹਿਜਗ ਪਰਕਾਰਾ।ਕਥਨਕਰਾ ਗੁਰਸਾਚ ੁਖਾਰਾ
ਸੁਨਹੁ ਭਾਵ ਇਸ ਸਬਦਹਿਕੇਰਾ ਸਾਚ ਝੂਠ ਕੋ ਕਰਤ ਨਿਬੇਰਾ
ਮੁਕਤਸਰੂਪਸੁਪ੍ਰਖਨਰਿੰਜਨ।ਸਬਦ ਬ੍ਰਹਮਤਹਿਕਹਿਤਅਭੰਜਨ
ਜੈਸੇ ਤਿਨ ਯਹਸ੍ਰਿਸਟ ਉਪਾਈ।ਕਹਿ ਨਸਕਤ ਕੋਈ ਸਮਝਾਈ
ਸੋ ਸਤਿ ਰੂਪ ਅਨੂਪ ਸਰੂਪਾ। ਅਲਖ ਅਪਾਰ ਅਛੇਦ ਨਿਰੂਪਾ
ਕਵਨਸਮਯਤਿਸਤੇਜਗਭਇਓ।ਵਕਤਥਿੱਤ ਕਿਸਵਾਰਹਜਇਓ
ਕਵਣ ਰੁੱਤਥੀਕਵਣਮਹੀਨਾ।ਜਬ ਯਹ ਜਗਤ ਸਾਜ ਪ੍ਰਭ ਦੀਨਾ
ਕਹ ਸਕਤਾ ਹੈ ਕੋ ਸਮਝਾਈ। ਯਾਕੋ ਉੱਤਰ ਠੀਕ ਬਨਾਈ
ਨਹੀਂ ਕਦਾਚਿਤ ਕੋਇ ਉਚਾਰੈ। ਪੁਨ ਜ ਕਹੈ ਪ੍ਰਲਾਪ ਪੁਕਾਰੈ
ਨਹਿ ਪੰਡਤ ਕੋ ਜਾਨਤ ਵੇਲਾ।ਕਹਤ ਪੁਰਾਨ ਨ ਕੋਇ ਸਹੇਲਾ
ਜਗਕੋ ਭਇਆ ਪੁਰਾਨਬਤਾਵੈ ਪਰਇਸ ਸਮਯਨਹ ਇਠਰਾਵੈ
ਵਕਤ ਬਤਾਇ ਸਕਤ ਨਹਿ ਕਾਜੀ।ਪੜ੍ਹ ਕੁਰਾਨ ਜੋ ਹੋਵਤਰਾਜੀ
ਪੁਨਹ ਜੋਗ ਸਾਧੀ ਜੋ ਜੋਗੀ। ਸਮਾਧ ਸੁਖਨ ਕੇ ਰਸ ਕੋ ਭੋਗੀ
ਥਿੱਤ ਵਾਰ ਪੁਨ ਕੋਇ ਮਹ ਨਾ।ਕਬੀ ਕਿਸੇ ਜੋਗੀ ਨਹੀਂ ਚੀਨਾ
ਜੇਕਰ ਲਖਾ ਤ ਕੋਇ ਬਤਾਵੇ।ਕਵਣ ਵਕਤ ਜਗ ਈਸ ਉਪਾਵੇ
ਤਾਂਤੇ ਸਾਚ ਕਥਨ ਯਹ ਹਈਏ।ਯਾਬਿਨ ਦੂਸਰ ਔਰ ਨ ਪਈਏ
ਜਾ ਕਰਤੇ ਯਹ ਸ੍ਰਿਸਟ ਉਪਾਈ। ਸੋਈ ਵਿਧ ਜਾਨਤ ਹੈ ਭਾਈ
ਤਾਂ ਬਿਨ ਅਵਰ ਨ ਕੋਈ ਜਾਨੈ। ਜੋ ਜਾਨੈ ਸੋ ਝੂਠ ਬਖਾਨੈ

Digitized by Panjab Digital Library | www.panjabdigilib.org

ਕਿਉਂਕਰ ਕਹੂੰ ਸਲਾਹੂੰ ਕੈਸੇ । ਕਥਨ ਕਰੂੰ ਜਾਨੂੰ ਕਸ ਤੈਸੇ
ਅਗਮ ਅਗੋਚਰ ਜਾ ਤੇ ਹਈਏ । ਤਾਕੋ ਭੇਦ ਕਹੋ ਕਿਵ ਪਈਏ
ਪੁਨ ਆਖਨ ਕੋ ਆਖਹਿਂ ਸਾਰੇ ਆਪ ਆਪਨੀ ਮਤਿ ਅਨੁਸਾਰੇ
ਏਕ ਦੂਸਰੇ ਤੇ ਹੁਇ ਸਜਾਨੇ । ਕਥਤ ਖੋਜ ਕਰ ਵੇਦ ਕੁਰਾਨੇ
ਪਰ ਵਹੁ ਵੱਡਾ ਸਾਹਿਬ ਊਚਾ । ਤਾਹਿ ਵਡਾਈ ਕੌਨ ਪਹੂਚਾ
ਤਾ ਕਾ ਕੀਆ ਯਹ ਜਗ ਹੂਆ । ਯਾ ਕੋ ਜਾਨ ਸਕੇ ਨ ਦੂਆ
ਜੇ ਕੋ ਚਤਰ ਕਹਾਇ ਬਤਾਵੈ । ਤੌ ਦਰਗਹਿ ਸਤਕਾਰ ਨ ਪਾਵੈ
ਤਾਂਤੇ ਸਕਲ ਕਥਨ ਹੈਂ ਜੇਤੇ । ਨਿਜ ੨ ਬੁਧੀਅਨ ਮਾਨਸੁ ਤੇਤੇ
ਅਹੋ ਬੁੱਧਿ ਜਨ ਕਰੋ ਵਿਚਾਰਾ । ਜੋ ਗੁਰ ਜੂ ਉਪਦੇਸ ਉਚਾਰਾ
ਯਾ ਸਮ ਸਾਚਾ ਹੈ ਜਗ ਕੋਈ । ਹਮੇਂ ਦਖਾਵੇ ਹੈ ਵਹੁ ਜੋਈ
ਆਇ ਲਹੌਰ ਗਏ ਗੁਰ ਦੇਵਾ । ਕਰਤ ਲੋਕ ਨਾਨਾ ਬਿਧ ਸੇਵਾ
ਤਹਾਂ ਕਥਾ ਜੋ ਅਦਭੁਤ ਭਈ । ਸੋ ਸੁਨੀਏ ਨੀਕੇ ਮਨ ਦਈ

## ਲਾਹੌਰੀ ਦੁਨੀ ਚੰਦ ਪ੍ਰਬੋਧ

ਦੋਹਿਰਾ—

ਦੁਨੀ ਚੰਦ ਖੱਤ੍ਰੀ ਹੁਤੇ ਬੀਚ ਲਹੌਰ ਸੁਜਾਨ ।
ਤਾਕੇ ਪਿਤ ਕੋ ਸ੍ਰਾਧ ਥੋ ਮਿਲੇ ਪੁਰਖ ਬਹੁ ਆਨ।

Digitized by Panjab Digital Library | www.panjabdigilib.org

॥ ਚੋਪਈ ॥

ਤਬ ਗੁਰ ਨਾਨਕ ਜੀ ਢਿਗ ਆਯੋ।ਹਾਥ ਜੋਰਕਰ ਸੀਸਨਿਵਾਯੋ
ਕਹਯੋ ਗੁਰੂ ਜੀ ਮੋ ਪਿਤ ਕੇਰਾ। ਅਹੇ ਸਰਾਧ ਚਲੋ ਬਿਨ ਦੇਰਾ
ਕਹਾ ਗੁਰੂ ਵਹੁ ਕਿਆ ਕੁਛਹਈਏ।ਜਾਕੋਨਾਮ ਸਰਾਧ ਬਤਈਏ
ਤਬ ਤਿਨ ਕਹਾ ਪਿਤਾ ਕੇ ਤਾਈ ਭੋਜਨਪਹੁਚਾਵਨ ਬਿਧ ਗਾਈ
ਕਹਾ ਗੁਰੂ ਕੈਸੇ ਪਹੁਚਾਵੇ। ਮਿਰਤ ਭਏ ਦਿਨ ਬਹੁਤ ਬਤਾਵੇ
ਨਹੀਂ ਯਹਾਂ ਵਹੁ ਦੀਖਤ ਭਾਈ। ਕੈਸੇ ਤਾਂਹ ਪਹੂਚੇ ਜਾਈ
ਦੂਨੀ ਚੰਦ ਤਬ ਕਹਾਗੁਸਾਈ।ਬ੍ਰਹਮਨ ਛਕਹਿ ਧਾਮ ਜੋਆਈ
ਸੋ ਪਿਤਰੋਂ ਕੋ ਪਹੁਚਤ ਸਾਰਾ। ਐਸੇ ਨਿਸਚਾ ਅਹੇ ਹਮਾਰਾ
ਕਹਾ ਗੁਰੂ ਵਹੁ ਖਾਕਰ ਖੀਰਾ।ਮਲ ਮੂਤਰ ਕਰ ਦੇਵਤ ਬੀਰਾ
ਸੋ ਤੁਮਰੇ ਪਿਤ ਸੁਰਗ ਰਹਾਵੈਂ।ਈਹਾਂ ਦੀਯੋ ਕਵਨ ਬਿਧਖਾਵੈਂ
ਤਬ ਤਿਨ ਉਤਰ ਕੋਇ ਨ ਦੀਨਾ ਹਾਥ ਜੋਰ ਪ੍ਰਸਨ ਯਹਕੀਨਾ
ਹੇ ਮਹਾਰਾਜ ਕਥਨਮੁਹਿ ਕੀਜੈ।ਪਿਤ ਕੋ ਭੋਜਨਕਿਹਬਿਧ ਦੀਜੈ
ਤਬਸਤਗੁਰ ਅਸ ਸੁਨਕਰ ਬਾਨੀ ਭਗਤਜਨਾ ਕ ਅੰਤਰਜਾਮੀ
ਬੋਲੇ ਸਬਦ ਤਾਂਹਿ ਪ੍ਰਤਿ ਏਕਾ ਜਾਕੋ ਸੁਨ ਤਹਿ ਭਯੋ ਬਿਬੇਕਾ

**ਜੇ ਮੁਹਾ ਹਾ ਘਰੁ ਮੁਹੇ ਘਰੁ ਮੁਹਿ ਪਿਤਰੀ ਦੇਇ ॥ ਅਗੈ ਵਸਤੁ ਸਿਞਾਣੀਐ ਪਿਤਰੀ ਚੋਰੁ ਕਰੇਇ ॥ ਵਢੀਅਹਿ ਹਥ ਦਲਾਲ ਕੇ ਮੁਸਫੀ ਏਹ ਕਰੇਇ ॥ ਨਾਨਕ ਅਗੈ ਸੋ ਮਿਲੈ ਜਿ ਖਟੇ ਘਾਲੇ ਦੇਇ ॥**

Digitized by Panjab Digital Library | www.panjabdigilib.org

## ਚੌਪਈ:—

ਯਾਹਿ ਸਬਦ ਮਹਿ ਯੁਕਤ ਦਿਖਾਰਾ।ਦੁਨੀ ਚੰਦ ਕੋ ਸੰਸਾ ਟਾਰਾ
ਦੁਰਜਨ ਤੋਖ ਨਜਾਇ ਕਰਭਾਈ।ਮਾਨ ਸਰਾਧਲਯੋਮਨਲਾਈ
ਭਲਾ ਪਿਤਰ ਜਬ ਮਰਕਰ ਜਾਵੇ।ਸ੍ਵਰਗ ਮਾਂਹਿ ਜਾ ਡੇਰਾ ਲਾਵੇ
ਤਬ ਤਾਂਕੇ ਸਨਬੰਧੀ ਜੋਈ। ਕਰੈਂ ਸਰਾਧ ਤਾਂਹਿ ਹਿਤ ਸੋਈ
ਸੋ ਪਰ ਘਰ ਕੀ ਵਸਤ ਲਿਆਏ।ਨਿਜ ਪਿਤਕੋ ਦਿਨ ਦੀਪਠਾਏ
ਤੌ ਜਨਕੀ ਵਸਤੁਵਹਹਈਏ।ਤਿਨਕ ਪਿਤਾ ਸ੍ਵਰਗ ਮਹਿਪਈਏ
ਨਿਜ ਘਰਕੀ ਤਿਨਵਸਤ ਪਛਾਨੀ ਚੋਰ ਪਿਤਰਕਰ ਬੋਲੋਬਾਨੀ
ਪੜਾ ਸ਼ੋਰ ਤਬ ਸ੍ਵਰਗ ਮਝਾਰੀ। ਗਏ ਧਰਮ ਕੇ ਜਬੀ ਅਗਾਰੀ
ਤੌ ਵਹੁ ਨਜਾਇ ਕਰ ਹਰੋ ਐਸਾ।ਨਜਾਇਵੰਤ ਕੋ ਚਹੀਏ ਜੈਸਾ
ਭਏ ਦਲਾਲ ਬੀਚ ਜੋ ਤਾਕੈ। ਕਾਟੇ ਹਾਥ ਜੁ ਗਲ ਵਹੁ ਵਾਕੇ
ਤਾਂਤੇ ਯਹ ਸਭ ਮਿਥਯਾ ਬਾਤਾ ਆਗੇ ਕੋਇ ਨ ਕਿਸ ਕੋ ਜਾਤਾ
ਨਿਜ ਕਰ ਮਨ ਕੋ ਫਲ ਜਨ ਭੋਗੇ ਜੋਗ ਹੋਹ ਕੈ ਹੋਹਿਅਜੋਗੇ
ਨਿਜ ਕਰਨੀ ਭਰਨੀਤਹ ਹੋਈ।ਔਰ ਦੀਆਤਹ ਪਹੁੰਚ ਨਕੋਈ
ਤਾਂਤੇ ਕਰੋ ਕਰਮ ਤੁਮ ਐਸੇ। ਸਦਾ ਸੁਖੀ ਰਹੋ ਤੁਮ ਜੈਸੇ
ਸੁਨਤ ਦੁਨੀਚੰਦਚਰਨਨਪਰਿਓ।ਮਨਕੋਸੰਸੋਸਗਲ ਨਿਵਰਿਓ
ਤਾਂਤੇ ਜੋ ਜਨ ਸਰਾਧ ਕਰਾਵੈ।ਯਾਹ ਸਬਦ ਕੋ ਨਹਿ ਵਿਸਰਾਵੈ

Digitized by Panjab Digital Library | www.panjabdigilib.org

# ਦੇਹਾਂਤ ਪ੍ਰਬੋਧ

ਦੋਹਿਰਾ--

**ਦੇਸ ਦੇਸ ਭ੍ਰਮਨ ਕਰਾ ਦੇ ਉਪਦੇਸ ਅਪਾਰ।**
**ਆਵਸਥਾ ਤੀਸਰ ਵਿਖੇ ਬੈਠੇ ਪੁਰ ਕਰਤਾਰ॥**

ਚੌਪਈ--

ਬਾਲ ਵੈਸ ਮਹਿ ਚਰਤ ਅਪਾਰਾ। ਕਰੇ ਗੁਰੂ ਜੋ ਬਹੁ ਪਰਕਾਰਾ
ਪਾਂਧੇ ਪੰਡਤ ਕੋ ਸਮਝਾਯਾ। ਵਿੱਦਯਾ ਸਾਚੀ ਮਰਮ ਬਤਾਯਾ
ਬ੍ਰਹਮ ਚਰਜ ਕੀ ਰੀਤ ਸਖਾਈ। ਲੋਗਨ ਕੋ ਗੁਰ ਜੂ ਸੁਖਦਾਈ
ਬਹੁਰ ਗ੍ਰਿਹਸਥ ਕੋ ਮਾਰਗ ਦੂਜਾ। ਤਾਂਕੋ ਧਰਾ ਜਗਤ ਕੇ ਪੂਜਾ
ਜਗ ਕੋ ਕਾਰਜ ਮੋਦੱਖਾਨਾ। ਕਰਾ ਕਾਮ ਜਿਹ ਦੀਨੇ ਦਾਨਾ
ਦੋ ਸੁਤ ਦੋ ਕਾਰਜ ਹਿਤ ਕਏ।ਏਕ ਸਾਧ ਗ੍ਰਿਹਸਤੀ ਇਕ ਭਏ
ਜਾਂਤੇ ਭਾਵ ਇਹੈ ਨਿਕਸਾਵੈ। ਗ੍ਰਿਸਤ ਕਰੈ ਤੋ ਦਾਨ ਕਰਾਵੈ
ਨਾਤਰ ਸਿੰਬਲ ਤਰ ਸਮ ਜਾਕੋ।ਫਲ ਫਲਨ ਨਿਸ ਫਲਹੈ ਤਾਕੋ
ਬਹੁਰ ਤੀਸਰੇ ਥਾਨ ਪਰਸਤੀ। ਕਰੀ ਗੁਰੂ ਪੂਰਨ ਪਰਵਸਤੀ
ਬਨ ਸੰਸਾਰ ਵਿਖੇ ਭਰਮਾਏ।ਨਿਸਾ ਕਹੀਂ ਦਿਨ ਕਹੀਂ ਬਿਤਾਏ
ਪੁਨ ਯੋਹੀਂ ਨਹਿ ਫਿਰਤ ਗੁਜਾਰੇ।ਕਰ ਉਪਦੇਸ ਕੋਟ ਜਨ ਤਾਰੇ
ਸਰਬ ਦੇਸ ਸਭ ਜਾਤਨ ਕੇਰੇ। ਪੁਰਖਨ ਕੇ ਦੁਖ ਮੂਲ ਉਖੇਰੇ
ਤੀਸਰ ਭਈਅਵਸਤਾ ਜਬਹੀ।ਧਰ ਸੰਨਜਾਸਲੀਨ ਗਰਤਬ ਹੀ

Digitized by Panjab Digital Library | www.panjabdigilib.org

ਤਜਾ ਲਿਬਾਸ ਸਫ਼ਰ ਕਾ ਸਾਗ। ਉਜਲ ਬਸਤਰ ਦੇਹ ਸੁਧਾਰਾ
ਸਕਲ ਆਸ ਮਨ ਤੇ ਤਜਦੀਨੀ।ਬੈਠ ਗਏਪ੍ਰਭੁਮੈ ਲਿਵ ਲੀਨੀ
ਦਰਸਨ ਕਰਨ ਲੋਗ ਜੋ ਆਵੈਂ । ਸੋ ਤਿਸਹੀ ਜਾਗਾ ਠਹਰਾਵੈਂ
ਬਨਤ ਜਾਤ ਨਗਰੀਤਹ ਭਾਰੀ।ਕਰਤਾਰ ਪੁਰਾ ਤਿਹਨਾਮਉਚਾਰੀ
ਅਬ ਨਨਕਾਨਾ ਜਾਕੋ ਕਹਤੇ।ਬਹੁਤ ਸਿੱਖ ਗੁਰ ਕੇ ਤਹਿ ਰਹਤੇ
ਜਬ ਕੁਛ ਦਿਨ 'ਇਸ ਭਾਂਤ ਬਤਾਏ।ਅੰਤ ਸਮਾ ਦੇਹੀ ਕੋ ਆਯੋ
ਪ੍ਰਾਨ ਵਿਯੋਗਨਭਈ ਤਿਆਰੀ।ਜਬ ਸੰਗਤ ਅਸ ਭਾਂਤ ਨਿਹਾਰੀ
ਹਿੰਦੂ ਔਰ ਮੁਸਲਮਾਂ ਸਾਰੇ। ਆਇ ਗੁਰੂ ਕੋ ਕਰੀ ਜੁ ਹਾਰੇ
ਬੈਠ ਗਏ ਗੁਰ ਤਾੜੀ ਲਾਇ। ਸਾਜ ਸਮਾਧ ਤਹਾਂ ਭਲ ਭਾਏ
ਸੰਗਤਮਹਿ ਜੋ ਲੋਕ ਅਪਾਰਾ ਕਰਤਸਬਦ ਧੁਨ ਅਨਕ ਪ੍ਰਕਾਰਾ
ਮਧਰ ਗਿਰਾ ਸੋ ਸਬਦ ਸੁਨਾਵੈ। ਸਤ ਕਰਤਾਰ ਗੁਰੂ ਮੁਖ ਗਾਵੈ
ਤਬ ਸੰਗਤਜੁਗਹਾਥ ਜੁਰਾਇ।ਕਰੀਅਰਜ ਯਹਗੁਰ ਢਿਗ ਆਇ
ਹੇ ਪ੍ਰਭ ਕਰੇਂ ਰੀਤ ਹਮ ਕੈਸੀ । ਕਥਨ ਕਰੋ ਪ੍ਰਭ ਭਾਵਤ ਜੈਸੀ
ਦੀਵਾ ਪਿੰਡ ਭਰਾਵੇਂ ਸਾਰੇ। ਕਿਰਿਆ ਕਰਮ ਕਸ ਕਰੇਂ ਅਪਾਰੇ
ਪੁਨ ਬ੍ਰਹਮਨ ਆ ਪਿੰਡ ਭਰਾਵੇ। ਤਾਂਕੋ ਨਾਮ ਗੁਰੂ ਫਰਮਾਵੈ
ਪੁਨਾ ਫੂਲ ਗੰਗਾ ਯਾ ਕਾਸੀ। ਕਹਾ ਪਠੱਈਏ ਹੇ ਸੁਖਰਾਸੀ
ਸਕਲ ਭੇਦ ਦਾਸਨ ਪ੍ਰਤਿ ਭਾਖੋ। ਕਛੂ ਗੋਪ ਰੰਚਕ ਨਹਿ ਰਾਖੋ
ਜਬ ਸਿੱਖਨ ਅਸਬਿਨਤੀਕਰੀ। ਗੁਰ ਨਾਨਕ ਤਬਐਸਉਚਰੀ
ਸੁਨਹ ਸਕਲ ਸੰਗਤ ਧਰ ਕਾਨਾ। ਮਤ ਕਰੀਓ ਕੋਔਰਬਹਾਨਾ
ਝੂਠੀ ਜਗਤ ਰੀਤ ਨਹਿ ਕਰਨੀ। ਮੈ ਜਾਵਤ ਹੂੰਹਰਿਕੀ ਸਰਨੀ
ਦੀਵਾ ਕਿਰਿਆ ਪਿੰਡ ਹਮਾਰੇ। ਸੁਤੇ ਸਿੱਧ ਕੀਨੇ ਕਰਤਾਰੇ
ਹਿੰਦ ਤੁਰਕ ਤੇ ਮੈਂ ਹੂੰ ਨਯਾਰਾ। ਪਠਾ ਅਕਾਲਹੇਤ ਉਪਕਾਰਾ
ਸੋ ਮੈਂ ਅਪਨੋ ਕਾਰਜ ਕੀਨਾ। ਨਿਜ ਸਰੂਪ ਮਹਿ ਹੋਵੋ ਲੀਨਾ

Digitized by Panjab Digital Library | www.panjabdigilib.org

ਅਬ ਜੋ ਕਰਹੈ ਮੋਰੋ ਕਹਣਾ। ਅੰਗਦ ਭਯੋ ਨਾਮ ਜਿਹਲਹਾਣਾ
ਤਾਂਤੇ ਸੁਨੋ ਕ੍ਰਿਆ ਜੋ ਮੋਰੀ। ਅਹੇ ਸਾਚ ਕੋ ਸਕੈ ਨ ਤੋਰੀ

ਦੀਵਾ ਮੇਰਾ ਏਕੁ ਨਾਮੁ ਦੁਖ ਵਿਚ ਪਾਇਆ ਤੇਲੁ। ਉਨ ਚਾਨਣਿ ਓਹੁ ਸੋਖਿਆ ਚੂਕਾ ਜਮ ਸਿਉ ਮੇਲੁ ॥ ੧ ॥ ਲੋਕਾ ਮਤ ਕੋ ਫਕੜਿ ਪਾਇ। ਲਖ ਮੜਿਆ ਕਰ ਏਕਠੇ ਏਕ ਰਤੀ ਲੇ ਭਾਹਿ ॥ ੧॥ਰਹਾਉ ॥ ਪਿੰਡੁ ਪਤਲ ਮੇਰੀ ਕੇਸਉ ਕਿਰਿਆ ਸਚੁ ਨਾਮੁ ਕਰਤਾਰੁ। ਐਥੈ ਓਥੈ ਆਗੈ ਪਛੈ ਏਹੁ ਮੇਰਾ ਆਧਾਰੁ ॥ ੨ ॥ ਗੰਗ ਬਨਾਰਸਿ ਸਿਫਤਿ ਤੁਮਾਰੀ ਨਾਵੈ ਆਤਮ ਰਾਉ ॥ ਸਚਾ ਨਾਵਣੁ ਤਾ ਥੀਐ ਜਾ ਅਹਿਨਿਸਿ ਲਾਗੈ ਭਾਉ ॥ ੩ ॥ ਇਕ ਲੋਕੀ ਹੋਰੁ ਛਮਛਰੀ ਬ੍ਰਾਹਮਣ ਵਟਿ ਪਿੰਡੁ ਖਾਇ। ਨਾਨਕ ਪਿੰਡੁ ਬਖਸੀਸ ਕਾ ਕਬਹੂੰ ਨਿਖੂਟਸਿ ਨਾਹਿ ॥ ੪ ॥

Digitized by Panjab Digital Library | www.panjabdigilib.org

## ਚੌਪਈ:—

ਯਾਹ ਸਬਦ ਕੋ ਭਾਵ ਪਜਾਰੇ। ਸੁਨਹੁ ਲਗਾਇ ਭਲੇ ਮਨ ਸਾਰੇ
ਆਨ ਦੀਪ ਮੁਹ ਕੋਇ ਨ ਹੇਰਾ। ਹਰ ਕਾ ਨਾਮਦੀਪ ਇਕਮੇਰਾ
ਜਾਹਿ ਪ੍ਰਕਾਸ਼ ਜਗਤ ਪਰਕਾਸ਼ੇ। ਅੰਧਕਾਰ ਅਗਜਾਨ ਵਿਨਾਸੇ
ਤਾ ਮਹਿ ਜਲਨੇ ਹੇਤ ਪਿਆਰੇ। ਤੇਲ ਸਮਾਨ ਦੂਖ ਮੈਂ ਡਾਰੇ
ਜਿਉਂ ਜਿਉਂ ਤੇਲਦੀਪ ਵਹੁਸੋਖੈ। ਤਿਉਂ ਤਿਉਂ ਤਹਿ ਪਰਕਾਸ਼ਕੁਪੋਖੈ
ਤੈਸੇ ਸਾਰਕ ਦੁਖ ਜੇਤੇ। ਖੀਨ ਹੋਤ ਹੈਂ ਹਮਰੇ ਤੇਤੇ
ਤਿਉਂ ਘਟਮਹਿਹਰਿਨਾਮ ਪ੍ਰਕਾਸੈ। ਸੋਖ ਹੋਇਦੁਖਪਾਪਪ੍ਰਨਾਸੈ
ਜਾਕੋ ਫਲ ਯਹ ਹੋਯੋ ਮੀਤਾ। ਮਿਰਤੁ ਮੇਲ ਹਮਨੈ ਨਹਿ ਕੀਤਾ
ਇਸ ਦੀਪਕ ਕੇ ਹੋਵਤ ਭਾਈ। ਕਹਾ ਦੀਪ ਤੁਮ ਔਰ ਜਗਾਈ
ਅਹੋ ਲੋਗ ਤੁਹਿ ਕਹੋ ਸੁਨਾਈ। ਜਬ ਦੇਹੀ ਮੈਂ ਤਜਹੋਂ ਭਾਈ
ਤੋ ਕੋ ਮਿਲ ਮਤ ਫੱਕੜਪਾਯੋ। ਨਾਂਹਿ ਕੁਰੀਤਨ ਮਹਿਉਰਝਾਯੋ
ਏਕ ਅਗਨ ਕਾ ਜਿਵੇਂ ਚੰਗਾਰਾ। ਲਾਖੋਂ ਮੁਰਦੇ ਦੇਵਤ ਜਾਰਾ
ਤੈਸੇ ਏਕ ਅਰਾਧਨ ਜੋਈ। ਕੋਟ ਪਾਪ ਦਲ ਡਾਰੇ ਸੋਈ
ਪਿੰਡਪਤਲ ਮੇਰੀਨਹਿ ਕਰਨੀ। ਔਰ ਮਤਨ ਮਿਥਿਆਜੋਵਰਨੀ
ਪਿੰਡ ਪਤਲ ਮੁਹਿਆਹਿਅਕਾਲਾ। ਤਾਂ ਸਮ ਦੂਸਰਕੋ ਨਹਿਭਾਲਾ
ਆਨ ਕ੍ਰਿਆ ਹਮਰੀ ਨਹਿ ਕੋਈ। ਕੇਸੋ ਕ੍ਰਿਆ ਹਮਾਰੀ ਹੋਈ
ਸਾਚਾ ਆਪਨਾਮ ਜਹਿਸਾਚਾ। ਤਾਂ ਬਿਨਆਨਸਗਲਜਗਕਾਚਾ
ਔਰ ਕ੍ਰਿਆ ਕੋ ਸੰਗ ਨ ਜੈਹੈ। ਦੇਹ ਛੂਟੀ ਧਰ ਪਰ ਰਹਿਵੈ ਹੈ
ਸੋਅਕਾਲਪੂਜਨ ਕੀਕਿਰਿਆ। ਸਦਾ ਕਾਲਰਹਤੀਸੰਗਬਿਰਿਆ
ਈਹਾਂ ਊਹਾਂ ਅੰਤਰ ਆਦੂ। ਅਹੇ ਅਧਾਰ ਮੋਹਿ ਨਿਰਵਾਦੂ
ਗੰਗ ਬਨਾਰਸ ਆਦਿ ਸਥਾਨਾ। ਹੈਂ ਤੀਰਥ ਜੋਜਗਤ ਬਖਾਨ

Digitized by Panjab Digital Library | www.panjabdigilib.org

ਸੋ ਜਲ ਨਦੀਕਿਨਗਰੀਹਈਐ। ਪਾਪ ਨਾਸਤਾਂਤੇਨਹਿ ਪਈਐ
ਮੋਰੀ ਗੰਗ ਬਨਾਰਸ ਜੋਈ। ਸਿਵਤ ਅਕਾਲ ਪੁਰਖ ਕਹੋਈ
ਜਾਂ ਮਹਿਆਤਮ ਮਲਮਲਨਾਵੈ। ਅਵਿੱਦਜਾਮਲਕੋਧੋਇਦਿਖਾਵੈ
ਯਹੀ ਸਾਚ ਨਾਵਣ ਹੈ ਭਾਈ। ਸਦਾਅਕਾਲ ਪ੍ਰੀਤ ਲਿਵਲਾਈ
ਯਹ ਕਿਰਿਆ ਮੈਂਦੀਨਬਤਾਈ। ਯਾਬਿਨਔਰ ਨਕਰੀਓਭਾਈ
ਔਰ ਸਮੱਗ੍ਰੀ ਲੋਗ ਬਨਾਵੈ। ਜਾਕੇ ਬ੍ਰਹਮਣ ਪਿੰਡ ਭਰਾਵੈ
ਸੋ ਕਲਪਤਇਕਬਿਯੋਂਤ ਬਨਾਈ। ਨਹੀਂਜੀਵਕੋਪਹੁਚਤਜਾਈ
ਤਿਸ ਅਕਾਲ ਕੀ ਜੋ ਬਖਸੀਸਾ। ਵਹੀ ਪਿੰਡ ਹੈ ਬਿਸਵੇ ਬੀਸਾ
ਜੋ ਨਹਿ ਕਬਹੂੰ ਜਾਤ ਨਖੁੱਟੇ। ਸਦਾ ਰਹਤ ਹਿਤਜੀਵ ਅਤੁੱਟੇ
ਐਸੇ ਕਹਤ ਪ੍ਰਾਨ ਤਨ ਤਜਾਗੇ। ਸਬਦ ਅਪਾਰ ਹੋਨਤਬ ਲਾਗੇ
ਮਿਲ ਸੰਗਤ ਸਭ ਹਰਿਗੁਨਗਾਯੋ। ਧੰਨਜਪ੍ਰਭੁਨਿਜਰੂਪ ਸਮਾਯੋ
ਤਬ ਇਸਨਾਨ ਕਰਾਈ ਦੇਹੀ। ਚਾਦਰ ਸੁਕਲ ਬਹੁਰ ਓਢੇਹੀ
ਦਈ ਬਨਾਇ ਚਿਤਾ ਅਤਿ ਨੀਕੀ।ਕਰੀ ਰੀਤ ਪਰਭੂ ਕੇ ਜੀਕੀ
ਚਾਰੋਂ ਓਰ ਸਬਦ ਧੁਨ ਹੋਵੈ। ਕਰੇ ਨ ਸੋਕ ਨ ਕੋਊ ਰੋਵੈ
ਮੁਸਲਮਾਨ ਭੀ ਸੰਗਅਪਾਰਾ। ਸਰਧਾ ਕਰ ਗੁਰ ਯਸਹਉਚਾਰਾ
ਜਬ ਜਾਲਨ ਤਨ ਹਿੰਦੂ ਚਾਹਾ। ਮੁਸਲਮਾਨ ਤਬ ਕੀਨੋ ਹਾਹਾ
ਕਹਤਪੀਰਯਹਹਮਰੋਹਈਏ।ਕਹਿਬਿਧਤਾਹਿ ਜਲਾਵਨ ਦਈਏ
ਹਿੰਦੂ ਕਹਤ ਗੁਰੂ ਯਹ ਮੋਰਾ।ਤੁਮ ਕਹਿ ਬਿਧ ਕਰਤੇ ਹੋ ਸ਼ੋਰਾ
ਇਸੀ ਪ੍ਰਕਾਰ ਪਰਾਤਬ ਝਗਰਾ ਦੇਖਤ ਆਨਲੋਗਮਿਲ ਸਗਰਾ
ਕੋ ਮਾਨਤ ਕਾਹੂੰ ਹੀ ਨਾਂਹੀ। ਨਿਜ ਨਿਜ ਰੀਤ ਕਰਾਵਨਚਾਹੀ
ਇਨ ਝਗਰਾ ਜਬ ਐਸਮਚਾਯੋ।ਗੁਰ ਕੋ ਤਨ ਤਬ ਕਿਨੇਨਪਾਯੋ
ਚਾਦਰ ਰਹੀ ਅਕੇਲੀ ਪਾਛੇ। ਦੇਖਤ ਭਏ ਅਚੰਭਾ ਆਛੇ

Digitized by Panjab Digital Library | www.panjabdigilib.org

ਫਿਰ ਦੋਨੋਂ ਨੇ ਚਾਦਰ ਬਾਂਟੀ। ਅਰਧ ਅਰਧ ਲੀਨੀਵਹੁਕਾਟੀ।
ਹਿੰਦੂ ਨੇ ਧਰ ਚਿਤਾ ਜਲਾਈ। ਮੁਸਲਮਾਨ ਨੇ ਤਹਿ ਦਫਨਾਈ
ਤਿਨ ਸਮਾਧ ਇਕਦਈਬਨਾਈ।ਕਬਰ ਮੁਸਲਮਾਂਕੀਨਸੁਹਾਈ
ਵਹੁ ਸਮਾਧ ਕੀ ਪੂਜ ਕਰਾਵੈਂ।ਵੇ ਜਾ ਕਬਰ ਨਿਆਜ ਚੜ੍ਹਾਵੈਂ
ਪਰ ਅਕਾਲ ਯਹ ਬਾਤ ਨ ਭਾਈ।ਜੋ ਇਨ ਦੋਨੋਬਨਤਬਨਾਈ।
ਜੋ ਮਟ ਮੜ੍ਹੀ ਪੂਜ ਕੇ ਹਰਤਾ।ਪੁਜਵਾਵਨ ਜਗ ਆਏ ਕਰਤਾ
ਤਾਕੀ ਮੜੀ ਬਨਾ ਕਰ ਪੂਜੇ। ਏਕ ਛਾਡ ਕਰ ਲਾਗੈ ਦੂਜੇ
ਤਾਂਤੇ ਰਾਵੀ ਨਦੀ ਚੜ੍ਹਾਈ। ਕਬਰ ਸਮਾਧੀ ਦੋਇ ਬਹਾਈ
ਜਾਂਤੇ ਕਹੀਂ ਜਗਤ ਕੇ ਮਾਹੀਂ। ਅਹੇ ਸਮਾਧ ਗੁਰੂ ਕੀ ਨਾਹੀਂ
ਸੁਨਹੁ ਮੀਤ ਮਮ ਬਿਨਤੀ ਏਹੀ। ਗੁਰਲੀਲਾਕੀਨੀ ਭਵ ਜੇਹੀ
ਤਾਂਹਿ ਸਿੰਧ ਮੇ ਬੂੰਦ ਸਮਾਨੀ।ਮੈ ਨਿਜ ਮਤ ਅਨੁਸਾਰ ਬਖਾਨੀ
ਕਰੇ ਕਾਮ ਜਬ ਪੂਰਨ ਸਾਰੇ। ਜਾ ਹਿਤ ਲੀਨੋ ਜਗ ਅਵਤਾਰੇ
ਭੁਏ ਲੀਨ ਤਜ ਬੂਲ ਉਪਾਧੀ। ਨਿਜਾਨੰਦ ਮੈਂ ਲਾਇ ਸਮਾਧੀ
ਪੰਦ੍ਰਾਂ ਸੈ ਛਿਆਨਵੇ ਭਾਈ। ਸੰਬਤ ਥੋ ਬਿਕ੍ਰਮ ਸੁਖਦਾਈ
ਧੰਨ ਅਹ ਜਗ ਆਵਨ ਜਗ ਤਾਕਾ।ਰਹਾ ਨਾਮ ਨੇਕੀ ਮੇ ਜਾਕਾ

## ॥ ਸਵੈਯਾ ॥

ਉਪਦੇਸ ਕਰੇ ਜਿਨ ਨੈ ਹਿਤ ਕੇ ਉਪਰਾਮ ਰਹੇ ਜਗਕੇਸੁਖ ਸੰਗੇ।
ਅਟ ਦੇਸ ਬਿਦੇਸ ਅਸੇਸ ਭਲੇ ਰਟਕੇ ਮੁਖ ਬੈਨ ਕਰੇ ਦੁਖਭੰਗੇ।
ਨਹਿ ਪਾਪ ਕਣੀ ਪਰਸੈ ਮਨਕੋ ਸਦ ਨਾਮ ਅਰਾਧਨ ਮੈਮਨਰੰਗੇ।
ਦਿੱਤ ਹਰੀ ਗੁਰ ਨਾਨਕ ਕੇ ਸਭ ਗਾਵਤ ਹੈ ਗੁਨ ਯਾ ਹਿਤਚੰਗੇ।

Digitized by Panjab Digital Library | www.panjabdigilib.org

॥ ਦੋਹਰਾ ॥

ਜਨਮ ਪਾਇ ਯਾ ਜਗਤਮੈ ਕਰਹੈ ਜੋ ਉਪਕਾਰ।
ਵਿੱਤ ਹਰੀ ਸੋਭਾ ਤਿਸੈ ਗਾਵਤ ਹੈ ਸੰਸਾਰ।

ਇਤ ਸ੍ਰੀ ਗੁਰੂ ਨਾਨਕ ਪ੍ਰਕਾਸ਼ ਗ੍ਰੰਥੇ
ਕ੍ਰਿਤ ਭਾਈ ਵਿੱਤ ਸਿੰਘ ਗਜਾਨੀ, ਅਧਯਾਪਕ
ਓਰੀਐਂਟਲ ਕਾਲਜ ਭਾਈ ਕਲਾਸ
ਲਾਹੌਰ.

ਸਮਾਪਤੰ

ਛੇਤੀ ਮੰਗਾਓ !

ਇਸੇ ਕਰਤਾ ਜੀ ਦੀਆਂ ਕੁਲ ੨੩ ਪੁਸਤਕਾਂ ਦਾ ਪੂਰਾ ਸੈਟ ੧੨) ਸਣੇ ਮਸੂਲ ਡਾਕ ਸਾਥੋਂ ਖਰੀਦੋ।

ਵਿਤ ਹਰੀ ਬੁਕ ਡਿਪੋ
ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ

"ਖਾਲਸਾ ਪ੍ਰਦੇਸੀ ਮਾਲਵਾ ਪ੍ਰੈਸ" ਅੰਮ੍ਰਿਤਸਰ ਵਿਚ
ਸ: ਕੇਹਰ ਸਿੰਘ ਪ੍ਰਿੰਟਰ ਦੇ ਯਤਨ ਨਾਲ ਛਪਿਆ ॥

Digitized by Panjab Digital Library | www.panjabdigilib.org

# ਸਾਥੋਂ ਮੰਗਵਾਓ !

ਹ ਕਿਸਮ ਦੀਆਂ **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ** ਦੀਆਂ ਸੁੰਦਰ ਵਡੀਆਂ, ਛੋਟੀਆਂ (ਸਫਰੀ) **ਬੀੜਾਂ ਨਿਤ ਨੇਮ** ਤੇ **ਸ਼ਬਦ ਕੀਰਤਨ** ਆਦਿ ਬਾਣੀ ਦੇ ਵਧੀਆ **ਗੁਟਕੇ**, ਧਾਰਮਕ ਸਟੀਕ ਪੁਸਤਕਾਂ, ਖਾਲਸਾ ਧਰਮ ਦੇ ਨਿਸ਼ਾਨ, **ਕੰਘੇ, ਕੜੇ, ਕ੍ਰਿਪਾਨਾਂ, ਸਿਮਰਨੇ**, ਤੇ **ਮਾਲਾਂ, ਹਾਥੀ ਦੰਦ**, ਦਾ ਵਧੀਆ ਸਮਾਨ, **ਸੁਰੀਲੇ ਵਾਜੇ, ਢੋਲਕ, ਛੈਨੇ**, ਤੇ ਹੋਰ ਹਰ ਕਿਸਮ ਦੀਆਂ ਅਮ੍ਰਿਤਸਰੀ ਦੇਸੀ, ਅੰਗਰੇਜ਼ੀ **ਸਾਬਨ, ਪਾਪੜ, ਵੜੀਆਂ**, ਗੁਛੀਆਂ, ਖੁੰਭਾਂ ਆਦਿ ਸੁਗਾਤਾਂ ਸਾਡੀ ਹਾਹੀਂ ਮੰਗਵਾਓ। ਅਸੀਂ ਥੋੜੇ ਕਮਿਸ਼ਨ ਤੇ ਪੂਰੇ ਗਹੁ ਨਾਲ ਮਾਲ ਘਲਾਂਗੇ।

ਆਰਡਰਾਂ ਨਾਲ ੨੫) ਸੈਂਕੜਾ ਪੇਸ਼ਗੀ ਆਵਨਾ ਅਤ ਜ਼ਰੂਰੀ ਹੈ।

**ਭਾਈ ਤਾਰਾ ਸਿੰਘ ਕਿਸ਼ਨ ਸਿੰਘ,**
**ਮਾਲਕ ਦਰਬਾਰੀ ਸੋਪ ਵਰਕਸ,**
**ਦਿੱਤ ਹਰੀ ਬੁਕ ਡਿਪੋ ਤੇ ਜਨਰਲ**
**ਸਪਲਾਇਰਜ਼ ਤੇ ਕਮਿਸ਼ਨ ਏਜੰਟਸ,**
**ਬਜ਼ਾਰ ਮਾਈ ਸੇਵਾਂ ਅੰਮ੍ਰਿਤਸਰ**


Digitized by Panjab Digital Library | www.panjabdigilib.org

ਮੂਤ ਪਲੀਤੀ ਕਪੜ ਹੋਇ,
ਦੇ ਸਾਬੂਨ ਲਈਏ ਉਹ ਧੋਇ ॥

# ਜ਼ਰੂਰੀ ਬੇਨਤੀ

## ਸੱਜਣੋਂ ! ਕੇਸੀ ਤੇ ਪਿੰਡੇ ਇਸ਼ਨਾਨ ਕਰਨ ਅਤੇ ਰੇਸ਼ਮੀ ਬਸਤ੍ਰ ਆਦਿ ਧੋਣ ਸਮੇਂ ਅੰਮ੍ਰਿਤਸਰੀ ਸੁਗਾਤ

# ਦਰਬਾਰੀ ਸੋਪ

## ਨੂੰ ਸਦਾ ਯਾਦ ਰਖਣਾ !

ਇਹ ਨਿਰੋਲ ਦੇਸੀ ਸੁਧ ਤੇਲਾਂ ਤੋਂ ਤਿਆਰ ਹੋਇਆ ਸਾਬਨ ਸਦੀਵ ਕਾਲ ਹਰ ਦਰਬਾਰ ਵਿਚ ਤੁਹਾਨੂੰ ਸੁਚੇਤ ਰਖੇਗਾ।

॥–) ਫੀ ਡੱਬਾ ੩ ਡੰਡੇ ੧੨ ਔਂਸੀ ਫੀ ਡੰਡਾ। ਬਪਾਰੀਆਂ ਲਈ ਸਿਰਫ ਪੰਜਾਬ ਵਿੱਚ ੧੨॥) ਇੱਕ ਪੇਟੀ ੨੪ ਡੱਬੇ, ਬਾਰਦਾਨਾ ਤੇ ਕਰਾਇਆ ਰੇਲ ਸਮੇਤ।

ਨੋਟ–ਤਨਖ਼ਾਹਦਾਰ ਤੇ ਕਮਿਸ਼ਨ ਤੇ ਕੰਮ ਕਰਨ ਵਾਲੇ ਈਮਾਨਦਾਰ ਨੌਜਵਾਨ ਏਜੰਟਾਂ ਦੀ ਥਾਂ ਪਰ ਥਾਂ ਲੋੜ ਹੈ।

**ਪਤਾ - ਭਾਈ ਤਾਰਾ ਸਿੰਘ ਕ੍ਰਿਸ਼ਨ ਸਿੰਘ**

ਮਾਲਿਕ ਦਰਬਾਰੀ ਸੋਪ ਵਰਕਸ, ਬਾਜ਼ਾਰ ਮਾਈ ਸੇਵਾਂ, ਮੁਤਾਸਲ ਘੰਟਾ ਘਰ, ਅੰਮ੍ਰਿਤਸਰ

Digitized by Panjab Digital Library | www.panjabdigilib.org